One of the most interesting efforts to expel the British was the Kuka Movement initiated on 12th April 1857 by Guru Ram Singh. He was a simple peasant, but had great personal qualities which attracted the loyalty and allegiance of large sections of people in the Punjab. It was said that his coming had been foretold in Sikh prophecies and his followers claimed that he was an incarnation of Guru Gobind Singh. A man of the people, Bhai Ram Singh knew of the hardship and suffering of the ordinary peasant and based his movement on a redress of their grievances. He had served as soldier in the Sikh Army and had been influenced by the idea of Sikh dominion over the Punjab. With his deep insight into human character, he realized that neither political liberation nor social and economic upliftment would be possible without an improvement in the quality of the individual. He therefore placed great stress on moral qualities and sought to inculcate in his followers a spirit of religious devotion and service.

Within a few years Bhai Ram Singh developed into Guru Ram Singh with a considerable following in Ludhiana and adjoining areas. His ultimate aim was wide and he had visions of the return of the days of Sikh power in North-West India. A great socio-economic and political movement was, however, deflected from its major objective by its attachment to minor religious practices. It is unfortunate that the first expression of the movement was an attack on the butchers of Amritsar which was followed by a similar attack in Raikot. The government reached by executing some Kukas and imposing restrictions on the movement of Guru Ram Singh. A more serious development was the Kuka attack on Maler-Kotla which led to savage reprisal by the Government. In fact, the action of local officers was severe that the Central government felt it necessary to punish some of them. The Government did not, however, wish to take any chances and Guru Ram Singh was exiled to Burma.

The movement suffered a severe setback, but it must be said to the credit of the Kukas that they were not easily deflected from their political aims. They tried to establish contacts with Indian rulers and made attempts secretly to enter the armed forces of Kashmir and Nepal. There were even attempts to establish contacts with Russian and some Kuka leaders showed great courage and daring in undertaking perilous journeys for securing Russian help. During this period, the political character of the movement became more

dominant, but its character as a movement for social and moral reform was never lost.

It is true that the Kuka movement left a permanent impression on a large section of the Sikhs. The insistence of Guru Ram Singh on self-help helped in developing among them their system of justice and communication. This was a considerable achievement in view of the prevailing circumstances. Even more remarkable was the Kuka insistence on growth of indigenous agriculture and trade. In some respects, Guru Ram Singh had anticipated the non-cooperation movement of 1921 in his idea of boycott of British institutions in the country. The Kuka movement directly influenced the Ghadar and all other political movements of freedom in the country in early twentieth century.

(Guru) Ram Singh has no pretention to be the saintly fakir. He visits you attended by half a dozen horsemen, he is followed by score of men on foot, he comes into your room surrounded by a court like prince. He and his people are dressed in exquisitely fine white clothes......

By J.W. Macnabb,
Commissioner, Ambala
4th November, 1871

The First Indian

(Guru) Ram Singh Sikh philosopher, reformer and
The first Indian to use Non- Co-operation and Boycott of
British merchandise and services as a political weapon.
Encyclopedia Britannica Vol-8, Page 142

The truth is that it is not possible for a Kuka to be a loyal subject of the British Government.
-Ludhiana District Gazetteer -1904

I see in earlier papers that (Guru) Ram Singh was looked upon as a successor or actual embodiment of Guru Nanak, the saint. He is now representative of Govind, the warrior.
-Mr. J.W. Mac Nabb, Commissioner Ambala – Report of 4.11.1871

When first heard of him, as a successor of Balak Ram (Guru Balak Singh) of Hazroo, he was known as Ram Singh Mahant, afterward as Guru Ram Singh and then as Satguru Ram Singh and now as Satguru Badshah.
Lt. Col. Mc Andrew- DIG Ambala Circle

"...At present he (Guru Ram Singh) has gathered two lakhs of persons to rebel against us, and finally to expel us from the Punjab...The cry of rebellion has gone throughout India, so let us not be lenient. Let us now hang, confiscate, reward, disarm, and pull down transport..."
-Letter from Mr. Donovan to Governor- General Lord Lawrence in 1868

It is my thorough belief that these lads (Kookas) mean war sooner or later, and I strongly recommend my Government to be beforehand with them.
-Report of Col. R.G Taylor- 1866



ਬਾਲ ਅਵਸਥਾ ਵਿੱਚ 'ਵ੍ਰਿਜੇਸ਼' ਨੇ ਅਦਭੁੱਤ ਮੂਰਤ ਚੀਨੀ॥ ਸਿਰ ਤੇ ਖੰਡਾ ਹੱਥ ਸਿਰਮਨਾ, ਚੜ੍ਹਿਆ ਬਾਂਕਾ ਚੀਨੀ॥
ਜਿਸਦੇ ਅੰਮ੍ਰਿਤ ਬਚਨਾਂ ਅੱਗੇ, ਫਿੱਕੀ ਲਗਦੀ ਚੀਨੀ॥ ਦਰਸ਼ਨ ਕਰਕੇ ਨੇਤ੍ਰ ਵਿਗਸਦੇ, ਜਿਉਂ ਰਵਿ ਪਿਖ ਗੁਲ ਚੀਨੀ॥

-ਭਾਈ ਕਾਨ੍ਹ ਸਿੰਘ 'ਨਾਭਾ'



ਸਤਿਗੁਰ ਕਮਰਕੱਸਾ ਜਦ ਕਰਦੇ, ਆਸਣ ਚੀਨੀ ਉਤੇ ਧਰਦੇ। ਅੱਗੇ ਸਿੰਘ ਅਰਦਲਾ ਕਰਦੇ,
ਮਾਨੋ ਰਵਿ ਸਸਿ ਦੋਨੋਂ ਡਰਦੇ, ਜਿਉਂ ਕਪ ਰਾਮ ਚੰਦ ਦੇ ਚੜ੍ਹਦੇ ਲੰਕਾ ਮਾਰਨੇ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪ੍ਰਚਾਰ ਦੌਰੇ ਤੇ ਸੂਬਿਆ ਸਹਿਤ

ਨਾਮਧਾਰੀ ਜਾਂ ਕੂਕਾ ਲਹਿਰ ਦੇ ਬਾਨੀ ਗੁਰੂ ਰਾਮ ਸਿੰਘ ਇੱਕ ਕੱਟੜ ਇਨਕਲਾਬੀ ਸਨ।ਜਦੋਂ ਉਹ ਕਰਮ ਖੇਤਰ ਵਿੱਚ ਅਗਾਂਹ ਨਿੱਤਰੇ ਤਾਂ ਉਹਨਾਂ ਵੇਖਿਆ ਕਿ ਦੇਸ਼ ਦੀ ਉੱਨਤੀ ਲਈ ਗੁਲਾਮੀ ਦੀਆਂ ਜੰਜ਼ੀਰਾਂ ਨੂੰ ਕੱਟਣਾਂ ਸਭ ਤੋਂ ਜ਼ਰੂਰੀ ਹੈ।ਵਿਦੇਸ਼ੀ ਰਾਜ ਵਿਰੁੱਧ ਇਨਕਲਾਬ ਦੀ ਤਿਆਰੀ ਵਸੀਹ ਪੈਮਾਨੇ ਉੱਤੇ ਕੀਤੀ।ਇਸੇ ਦੌਰਾਨ ਹੀ ਜੋ ਕੁਝ ਝਗੜਾ ਫਸਾਦ ਹੋ ਗਿਆ,ਉਸ ਤੋਂ ਹਾਕਮਾਂ ਨੂੰ,ਇਸ ਲਹਿਰ ਨੂੰ ਕੁਚਲਣ ਲਈ ਚੰਗਾ ਮੌਕਾ ਮਿਲ ਗਿਆ। ਗੁਰੂ ਰਾਮ ਸਿੰਘ ਬੜੇ ਪ੍ਰਤਾਪੀ ਅਤੇ ਪ੍ਰਭਾਵਸ਼ਾਲੀ ਵਿਅਕਤੀ ਸਨ।ਉਹ ਜਿਸ ਦੇ ਕੰਨ ਵਿੱਚ ਮੰਤਰ ਦਿੰਦੇ ਸਨ ਉਹੀ ਉਹਨਾਂ ਦਾ ਪਰਮ ਭਗਤ ਅਤੇ ਚੇਲਾ ਹੋ ਜਾਂਦਾ ਸੀ।(ਸਰਕਾਰ) ਨੇ ਇੱਕ ਸਬ ਇੰਸਪੈਕਟਰ ਭੇਜਿਆ।ਉਸ ਨੂੰ ਆਸ ਸੀ ਕਿ ਉਹ ਸਾਰੇ ਭੇਦ ਖੋਲ ਕੇ ਕੁਝ ਇਨਾਮ ਲਏਗਾ।ਗੁਰੂ ਜੀ ਦੇ ਦਰਸ਼ਨ ਕੀਤੇ ਤੇ ਵਾਪਸ ਆ ਗਿਆ।ਆਉਂਦਿਆਂ ਹੀ ਅਸਤੀਫਾ ਦੇ ਦਿੱਤਾ।ਅਫਸਰਾਂ ਨੇ ਪੁੱਛਿਆ ਅਸਤੀਫਾ ਕਿਉਂ ਦਿੱਤਾ ਹੈ? ਉਸ ਨੇ ਉੱਤਰ ਦਿੱਤਾ,'ਗੁਰੂ ਜੀ ਦਾ ਇਹੀ ਹੁਕਮ ਹੈ।ਉਹ ਕਹਿੰਦੇ ਨੇ ਕਿ ਬਦੇਸ਼ੀ ਹਾਕਮਾਂ ਦੀ ਨੌਕਰੀ ਬਿਲਕੁਲ ਨਾ ਕਰੋ'।


-ਸ਼ਹੀਦ ਭਗਤ ਸਿੰਘ -1928 ਮਾਸਿਕ ਮਹਾਂ ਰਥੀ ਵਿਚੋਂ

ਪਾਇ ਏਹੁ ਹੁਕਮ ਪ੍ਰਮੇਸ਼ ਕਾ ਬਿਸੇਸ ਫਿਰ,
ਰਾਮ ਮ੍ਰਿਗੇਸ਼ ਉਦੇਸ਼ ਦੈਨ ਲਾਗਿਓ।
ਹੁੱਕੇ ਛਡਵਾਏ ਰਖਵਾਏ ਕੇਸ ਮੋਨਜੋਂ ਕੇ,
ਸੁਧਾ ਛਕਿ ਥਾਏ ਸਿੱਖ ਭਾਗ ਜਿਨੈ ਜਾਗਿਓ।
ਫੈਲਜੋ ਜਸ ਭਾਰੀ ਸਿੱਖ ਥੀਏ ਤਾਂਹਿ ਕੇ ਅਪਾਰੀ,
ਸਿੰਘ ਪੰਥ ਬਿਰਧਾਇਓ ਨਾਮ ਰਸ ਪਾਗਿਓ।
ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਜਾਰੀ,
ਠੱਗੀ ਤਜਿ ਥੀਏ, ਸੰਤ ਸਤਿਜੁਗ ਆ ਗਿਓ।

-ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ

ਉਸ ਕਲਿਜੁਗ ਅੰਦਰ ਆ ਕੇ ਸਤਿਜੁਗ ਵਰਤਾਇਆ।
ਉਸ ਸੁੱਤਾ ਮੁਲਕ ਪੰਜਾਬ ਦਾ,ਫਿਰ ਟੁੰਬ ਜਗਾਇਆ।
ਉਸ ਨਾਮ ਗੁਰਮੰਤ੍ਰ ਜੀਹਦਿਆਂ,ਕੰਨਾਂ ਵਿਚ ਪਾਇਆ।
ਉਹ ਬਣਿਆ ਸਾਧ ਸ਼ੈਤਾਨ ਤੋਂ,ਅਸਚਰਜ ਵਖਾਇਆ।
ਜਦ ਪੈਂਦਾ ਡਿੱਠਾ ਜੱਗ ਤੇ ਜ਼ੁਲਮਾਂ ਦਾ ਸਾਇਆ।
ਹਰਿ ਜੁਗ ਜੁਗ ਭਗਤਿ ਉਪਾਇਕੈ ਪੈਜ ਰੱਖਦਾ ਆਇਆ।

ਸ੍ਰ.ਹਰਸਾ ਸਿੰਘ ਚਾਤਰ "ਕੂਕਿਆਂ ਦੀ ਵਾਰ ਵਿਚੋਂ"



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀਆਂ ਇਤਿਹਾਸਕ ਯਾਤਰਾਵਾਂ
ਸੰਤ ਸੰਤੋਖ ਸਿੰਘ ਬਾਹੋਵਾਲ ਰਚਿਤ 'ਸਤਿਗੁਰੂ ਬਿਲਾਸ' ਤੇ ਅਧਾਰਿਤ

ਮੈਂ ਖੁਦ ਭੈਣੀ ਸਾਹਿਬ ਗਿਆ ਔਰ ਦੇਖਾ,ਕੂਕਿਓਂ ਨੇ ਜੋ ਤਰੀਕਾ ਅਖਤਿਆਰ ਕੀਆ ਹੈ,ਵੁਹ ਔਰ ਕੁਛ ਨਹੀਂ ਹੈ,ਵਹੁ ਅਸਲ ਮਜ਼ਬ ਸਿੱਖੋਂ ਕਾ ਹੀ ਹੈ,ਔਰ ਉਸੇ ਉਨਹੋ ਨੇਂ ਦੋਬਾਰਾ ਰੌਨਕ ਦੀ ਹੈ।ਨਾਨਕ ਸ਼ਾਹ ਕੀ ਤਰਹ ਰਾਮ ਸਿੰਘ ਭੀ ਹਰ ਕੌਮ ਔਰ ਹਰ ਜਾਤ ਕੇ ਆਦਮੀ ਕੋ ਅਪਨੇ ਮਜ਼ਬ ਵਾ ਫਿਰਕੇ ਮੇਂ ਮਿਲਾ ਲੇਤਾ ਹੈ ।ਮੁਸਲਮਾਨੋਂ ਕੋ ਭੀ ਕੂਕਾ ਬਣਾ ਲੇਤਾ ਹੈ।ਕਿਸੀ ਜਾਤ ਕੀ ਕੈਦ ਨਹੀਂ ਹੈ।ਗੁਰੂ ਗੋਬਿੰਦ ਸਿੰਘ ਕੋ ਅਪਨਾ ਦੇਵਤਾ ਮਾਨਤੇ ਹੈਂ।ਕੂਕਿਓਂ ਕੋ ਰੋਜ ਰਾਤ ਕੋ ਤੀਨ ਬਜੇ ਉਠ ਕਰ ਨਹਾਨਾ ਹੋਤਾ ਹੈ,ਔਰ ਨਹਾ ਧੋ ਕਰ ਗਰੰਥ ਕੇ ਅਸ਼ਲੋਕ ਪੜ੍ਹਤੇ ਹੈਂ।ਉਨਕੋ ਤਮਾਮ ਉਮਰ ਨੇਕੀ ਔਰ ਨੇਕਚਲਨੀ ਕੀ ਤਾਕੀਦ ਕੀ ਜਾਤੀ ਹੈ।ਇਨ ਲੋਗੋਂ ਕੇ ਬੜੇ ਗਰੋਹ ਕੋ ਦੇਖ ਕਰ ਯਹ ਮਅਲੂਮ ਹੋਤਾ ਹੈ ਕਿ ਇਸ ਜਦੀਦ ਫਿਰਕੇ ਕੀ ਬੜੀ ਜਲਦ ਤਰੱਕੀ ਹੁਈ ਹੈ।ਗਾਓਂ ਕੇ ਗਾਓਂ ਔਰ ਮੌਜ਼ਿਆ ਕੇ ਮੌਜ਼ੇ ਕੂਕੇ ਹੋ ਗਏ।

-ਮੌਲਵੀ ਗੁਲਾਮ ਸ਼ੀਖ ਜਾਲੰਧਰੀ,"ਤਾਰੀਖ-ਏ-ਵਾਕਰੀ"

ਕੇਵਲ ਪੰਜਾਬ ਨੂੰ 22 ਸੂਬਿਆਂ ਵਿੱਚ ਹੀ ਨਹੀਂ ਵੰਡਿਆ ਸੀ,ਸਗੋਂ ਇਨਾਂ ਵਿੱਚ ਗੁਰੂ (ਰਾਮ ਸਿੰਘ ਜੀ) ਦੇ ਸੂਬੇ ਦੌਰੇ ਕਰਕੇ ਖਾਲਸਾ ਰਾਜ ਦੇ ਮੁੜ ਬਹੁਤ ਛੇਤੀ ਸਥਾਪਿਤ ਹੋਣ ਦਾ ਪ੍ਰਚਾਰ ਕਰਦੇ ਸਨ ਅਤੇ ਸਿੱਖਾਂ ਦੇ ਸਾਰੇ ਵਰਗਾਂ ਦੀਆਂ ਬਲ-ਸ਼ਕਤੀਆਂ ਨੂੰ ਇਕੱਠਾ ਕਰ ਰਹੇ ਸਨ।...................ਕਸ਼ਮੀਰ,ਕਾਬਲ ਅਤੇ ਨੇਪਾਲ ਵਿੱਚ ਆਪਣੇ ਰਾਜਦੂਤ ਭੇਜੇ ਸਨ।ਇਹਨਾਂ ਦਾ ਖੁਫੀਆ ਡਾਕ ਪ੍ਰਬੰਧ ਤਾਂ ਇਤਨਾ ਪਰੀਪੂਰਨ ਸੀ ਕਿ ਗੁਰੂ (ਜੀ) ਦੇ ਆਦੇਸ਼ ਹੈਰਾਨੀ-ਜਨਕ ਤੇਜ਼ੀ ਨਾਲ ਦੂਰ-ਦੁਰਾਡੇ ਇਲਾਕਿਆਂ ਵਿੱਚ ਪਹੁੰਚ ਜਾਂਦੇ ਸਨ।


(ਮਿ:ਫੋਰਸਾਈਥ-ਚੀਫ ਕਮੀਸ਼ਨਰ ,ਅੰਬਾਲਾ-ਰਿਪੋਰਟ-1872)

ਹਾੜ ਹੋਰ ਗੱਲ ਚੰਗੀ,ਵਜੇ ਸਾਰੰਦਾ ਸਾਰੰਗੀ,
ਸ਼ਬਦ ਪੜ੍ਹਦੇ ਬੇਅੰਤ,ਅੰਤ ਰਹੇ ਨਾ ਸਵਾਦ ਦਾ।
ਅੰਮ੍ਰਿਤਸਰ ਤੇ ਲਾਹੌਰ,ਲੁਧਿਆਣਾ ਕਲਾਨੌਰ,
ਸ਼ਹਿਰ ਜਿਹਲਮ ਪਸ਼ੌਰ,ਸਾਰਾ ਇਲਾਕਾ ਹੈ ਪੰਜਾਬ ਦਾ।
ਸਿੱਖੀ ਕਾਬਲ ਕੰਧਾਰ,ਨਾਲੇ ਬਲਖ ਤੇ ਬੁਖਾਰ,
ਦਿੱਲੀ ਆਗਰਾ ਹਿਸਾਰ,ਹੋਰ ਅੰਤ ਨਾ ਹਿਸਾਬ ਦਾ।
ਸਿੰਘ ਆਖਦਾ ਨਿਹਾਲ,ਏਹੁ ਖਾਲਸੇ ਦੀ ਚਾਲ,ਜਪੇ ਕਾਲ
ਤੇ ਅਕਾਲ,ਜਿਹੜਾ ਨਾਮ ਸੱਚੇ ਸਾਹਿਬ ਦਾ।

(ਇਤਿਹਾਸਕ ਬਾਰਾਮਾਂਹ,ਸੰਤ ਨਿਹਾਲ ਸਿੰਘ)



ਅਕਾਲ ਬੁੰਗਾ -ਸ੍ਰੀ ਭੈਣੀ ਸਾਹਿਬ
ਤਪ ਅਸਥਾਨ
ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਅਮਰ ਲੋਹ -ਸ੍ਰੀ ਭੈਣੀ ਸਾਹਿਬ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ 1861ਈ: ਵਿੱਚ ਆਪਣੇ ਹਸਤ-ਕੰਵਲਾਂ ਨਾਲ
ਲੋਹ ਬਣਾ ਕੇ ਸਦਾ ਵਰਤ ਲੰਗਰ ਸ਼ੁਰੂ ਕੀਤਾ।

ਸਿੱਖੀ ਸੱਭਿਆਚਾਰ ਅਤੇ ਖਾਲਸਈ ਰਹਿਤ ਮਰਿਯਾਦਾ ਦੀ ਸਥਾਪਨਾ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ 1914ਬ੍ਰਿ: ਦੀ ਵੈਸਾਖੀ (ਅਪ੍ਰੈਲ 1857 ਈ:) ਨੂੰ ਸ੍ਰੀ ਭੈਣੀ ਸਾਹਿਬ ਵਿਖੇ ਪੰਜ ਸਿੱਖਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਖਾਲਸੇ ਦੀ ਪੁਨਰ-ਸਿਰਜਨਾ ਸੰਤ ਖਾਲਸੇ ਦੇ ਰੂਪ 'ਚ ਕੀਤੀ। ਭਾਈ ਰਾਇ ਸਿੰਘ ਨੂੰ ਸ੍ਰੀ ਹਜ਼ੂਰ ਸਾਹਿਬ ਭੇਜ ਕੇ, ਦਸਮ ਪਾਤਸ਼ਾਹ ਦੁਆਰਾ ਸਥਾਪਿਤ ਰਹਿਤ ਮਰਿਯਾਦਾ ਮੰਗਵਾਈ ਅਤੇ ਸੰਤ ਖਾਲਸੇ ਵਿੱਚ ਪ੍ਰਚਲਤ ਕੀਤੀ। ਲੋਕਾਂ ਨੂੰ ਨਸ਼ਿਆਂ ਅਤੇ ਵਿਸ਼ਿਆਂ-ਵਿਕਾਰਾਂ ਤੋਂ ਵਰਜਿਆ, ਵਹਿਮਾਂ ਭਰਮਾਂ ਤੋਂ ਮੁਕਤ ਕੀਤਾ-'ਲੜਕੀ ਦਾ ਮਾਰਨਾ ਗਊ ਮਾਰਨ ਤੋਂ ਵੀ ਵੱਡਾ ਪਾਪ ਦੱਸਿਆ'। ਸਿੰਘਾਂ ਦੇ ਨਾਲ ਬੀਬੀਆਂ ਨੂੰ ਵੀ ਅੰਮ੍ਰਿਤ ਦੀ ਦਾਤ ਬਖਸ਼ੀ। ਗੁਰਬਾਣੀ ਦੀਆਂ ਪੋਥੀਆਂ ਅਤੇ ਬੀੜਾਂ ਦੇ ਉਤਾਰੇ ਕਰਵਾਏ। ਸਿੱਖੀ ਦੇ ਪ੍ਰਚਾਰ ਨੂੰ ਹੋਰ ਪ੍ਰਚੰਡ ਕਰਨ ਲਈ ਸਭ ਤੋਂ ਪਹਿਲੋਂ ਸਤਿਗੁਰੂ ਰਾਮ ਸਿੰਘ ਜੀ ਨੇ ਹੀ ਪੱਥਰ ਦੇ ਛਾਪੇ ਤੇ ਗੁਰਬਾਣੀ ਦੀਆਂ ਬੀੜਾਂ ਛਪਵਾਈਆਂ। ਨਿਤਨੇਮ ਦੀਆਂ ਬਾਣੀਆਂ ਕੰਠ ਕਰਨ ਦੇ ਹੁਕਮ ਦਿੱਤੇ। ਗੁਰਬਾਣੀ,ਗੁਰਮੁਖੀ ਲਿਪੀ, ਗੁਰਮੁਖੀ ਬਾਣਾ ਅਤੇ ਪੰਜਾਬੀ ਬੋਲੀ ਨਾਲ ਸਿੱਖਾਂ ਨੂੰ ਜੋੜਿਆ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆ ਵਿੱਚੋਂ

- ਸੋ ਗੁਰੂ ਸਾਹਿਬ ਦਾ ਹੁਕਮ ਹੈ ਜੋ ਸਵਾ ਪਹਿਰ ਰਾਤ ਰਹਿੰਦੀ ਕੇ ਸਾਥ ਇਸਨਾਨ ਕਰੇ ਸਮੇਤ ਕੇਸੀ, ਗੁਰਬਾਣੀ ਦਾ ਤੇ ਨਾਮ ਦਾ ਉਚਾਰ ਕਰੇ ਉਸਕੋ ਮੋਤੀ ਦਾਨ ਦਾ ਪੁੰਨ ਹੁੰਦਾ ਹੈ।
- ਮੇਰੇ ਪਾਸ ਤੇ ਸੋਈ ਹੈ ਜੋ ਸਰੀਰ ਭਜਨ ਕਰਦਾ ਹੈ ਪਰਮੇਸਰ ਦਾ, ਅਰ ਗੁਰਮਤਿ ਵਿਚ ਚਲਦਾ ਹੈ।
- ਪੁੰਨ ਦਾਨ ਤੇ ਧਨ ਨਹੀ ਘਟਦਾ। ਧਨ ਤੇ ਕੁਚਾਲ ਚਲਣ ਤੇ ਘਟ ਜਾਂਦਾ ਹੈ।
- ਸੋ ਏ ਦੋਨੋ ਨਹੀ ਮਾਸ ਤੇ ਛਰਾਵ ਬਰਤਣੇ। ਏਹ ਤੇ ਮਲੇਸ਼ਾ ਦਾ ਖਾਣਾ ਹੈ। ਜੋ ਖਾਊ ਓਸਦੀ ਬੁਧਿ ਮਲੇਛੀ ਹੋਇ ਜਾਊ।
- ਹੋਰ ਬਗਾਨੀ ਅੰਸ ਕਿਸੇ ਬੀ ਤਰਾਂ ਨਾ ਲੈਣੀ, ਚੁਰਾ ਕੇ ਨਾ ਖੋਹ ਕੇ, ਨਾ ਠਗੀ ਕਰ ਕੇ। ਜੇ ਡਿਗੀ ਪਈ ਬੀ ਲਭੇ ਤਾ ਜਿਸਦੀ ਹੋਵੇ ਉਸਨੂੰ ਦੇ ਦੇਣੀ। ਕਰਿਜਾ ਲੈ ਕੇ ਨਾ ਦੇਣਾ ਏਹੁ ਚੋਰੀ ਧਾੜੇ ਤੇ ਬੀ ਬਡਾ ਪਾਪ ਹੈ।
- ਪ੍ਰਮੇਸਰ ਖਿਮਾ ਧੀਰਜ ਵਾਲਿਆਂ ਦੇ ਸਦਾ ਅੰਗ ਸੰਗ ਹੈ ਜੀ।
- ਹੋਰ ਖਾਲਸਾ ਜੀ ਜੇ ਸਰਬੰਧੀ ਸਰੀਰ ਛੋਡ ਜਾਇ ਤਾ ਉਸ ਦੇ ਪਿਛੇ ਰੋਣਾ ਪਿਟਣਾ ਨਹੀ।
- ਮਨਮਤਿ ਏਸ ਦਾ ਨਾਉ ਹੈ ਜੋ ਬਾਣੀ ਪੜੀ ਪਰ ਬਾਣੀ ਦਾ ਆਖਿਆ ਨਾ ਕੀਤਾ।



ਇਸਤਰੀਆਂ ਦੇ ਮੁਕਤੀ ਦਾਤਾ

1 ਜੂਨ 1863ਈ: ਪਿੰਡ ਸਿਆੜ੍ਹ (ਲੁਧਿਆਣਾ-ਪੰਜਾਬ) ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਪਹਿਲੀ ਵੇਰ ਬੀਬੀਆਂ ਨੂੰ ਖੰਡੇ-ਬਾਟੇ ਦੇ ਅੰਮ੍ਰਿਤ ਦੀ ਦਾਤ ਬਖਸ਼ੀ। ਪਹਿਲੇ ਦਿਨ 25 ਬੀਬੀਆਂ ਨੇ ਅੰਮ੍ਰਿਤ ਛਕਿਆ।

ਸੱਚੀ ਗੱਲ ਤਾਂ ਇਹ ਹੈ ਭਾਰਤ ਵਰਸ਼ ਦੀ ਹਜ਼ਾਰਾਂ ਵਰ੍ਹਿਆਂ ਦੀ ਤਵਾਰੀਖ ਵਿੱਚ ਗੁਰੂ ਗੋਬਿੰਦ ਸਿੰਘ ਤੋਂ ਬਿਨਾਂ ਕੋਈ ਵੀ ਇਤਿਹਾਸਿਕ ਹਸਤੀ ਅਜੇਹੀ ਨਹੀਂ ਹੋਈ,ਜਿਸਨੇ ਆਪਣੇ ਜੀਵਨ ਮਨੋਰਥ ਦਾ ਨਿਸ਼ਾਨਾ ਇਤਨਾ ਹਮਾਗੀਰ ਤੇ ਉੱਚਾ ਰਖਿਆ ਹੋਵੇ,ਜਿਸ ਦਾ ਮੰਤਵ ਕਿ ਜਾਤੀ ਤੇ ਜਨਤਾ ਦੇ ਆਤਮਕ ਤੌਰ ਤੇ,ਰਾਜਸੀ ਤੌਰ ਤੇ ਸਾਰੇ ਭਰਮਾਂ ਤੇ ਬੰਧਨਾਂ ਨੂੰ ਤੋੜ ਕੇ ਉਸ ਨੂੰ ਉੱਨਤੀ ਦੀ ਸਿਖਰ ਉਤੇ ਲੈ ਜਾਣਾ ਹੋਵੇ।ਗੁਰੂ ਗੋਬਿੰਦ ਸਿੰਘ ਤੋਂ ਪਿਛੋਂ ਇਸ ਕਿਸਮ ਦੀ ਦਲੇਰ ਆਤਮਾ ਵਾਲਾ ਪੁਰਖ ਭਾਰਤ ਵਰਸ਼ ਵਿਚ ਬਾਬਾ ਰਾਮ ਸਿੰਘ ਹੀ ਹੋਇਆ ਹੈ।ਇਸ ਲਈ ਸ਼ਰਧਾਲੂਆਂ ਦੇ ਮਨ ਉਤੇ ਬਾਬਾ ਰਾਮ ਸਿੰਘ ਦੇ ਰੂਪ ਦਾ ਇਉਂ ਝਲਕਾਰਾ ਪੈਣਾ ਕਿ ਉਹ ਬਾਬਾ ਜੀ ਨੂੰ ਗੁਰੂ ਗੋਬਿੰਦ ਸਿੰਘ ਦਾ ਪ੍ਰਤੀਬਿੰਬ ਜਾਂ ਅਕਸ ਹੀ ਸਮਝਣ,ਇਕ ਕੁਦਰਤੀ ਜਿਹੀ ਗੱਲ ਹੈ।

ਗੁਰੂ,ਜਿਹੜੇ ਕਿ ਜਗਤ ਨੂੰ ਰੌਸ਼ਨੀ ਦਿਖਾਣ ਤੇ ਸੰਸਾਰ ਦੀ ਰਹਿਨੁਮਾਈ ਕਰਨ ਆਏ ਸਨ,ਭਾਵ ਗੁਰੂ ਨਾਨਕ,ਗੁਰੂ ਗੋਬਿੰਦ ਸਿੰਘ,ਦਸ ਗੁਰੂ ਸਾਹਿਬਾਨ,ਉਹਨਾਂ ਗੁਰੂਆਂ ਦੀ ਆਤਮਕ ਸੱਤਾ ਫਿਰ ਮੁੜ ਕੇ ਭੈਣੀ ਪਿੰਡ ਵਿੱਚ ਚਮਕ ਉੱਠੀ ਸੀ।


ਬਾਬਾ ਰਾਮ ਸਿੰਘ ਦਾ ਨਿਸ਼ਾਨਾ ਕੀ ਸੀ?ਉਸ ਬਾਰੇ ਕੋਈ ਭਰਮ ਭੁਲੇਖਾ ਉਹਨਾਂ ਦੇ ਜੀਵਨ ਨੂੰ ਜਾਨਣ ਸੁਨਣ ਵਾਲਿਆਂ ਦੇ ਮਨਾਂ ਵਿੱਚ ਨਹੀਂ ਰਹਿ ਜਾਂਦਾ।ਉਹਨਾਂ ਦਾ ਨਿਸ਼ਾਨਾ ਇਹ ਸੀ:

1.ਲੋਕ ਆਪਣੇ ਸਰੀਰ ਤੇ ਆਪਣੀ ਰਹਿਣੀ ਬਹਿਣੀ ਨੂੰ ਸਵੱਛ ਤੇ ਸਾਫ ਰੱਖਣ। 2.ਲੋਕਾਂ ਦੇ ਮਨ ਭਰਮਾਂ ਭੁਲੇਖਿਆਂ ਤੇ ਵਹਿਮਾਂ ਵਿਚੋਂ ਨਿਕਲ ਕੇ ਨਰੋਏ ਹੋ ਜਾਣ। 3.ਸਮਾਜਿਕ ਤੌਰ ਤੇ ਇਸਤ੍ਰੀ ਤੇ ਮਰਦ ਬਰਾਬਰ ਦੇ ਮੰਨੇ ਜਾਣ ਤੇ ਸਰਬ ਸਾਂਝੇ ਵਿਦਿਆ ਦੇ ਪ੍ਰਚਾਰ ਰਾਹੀਂ ਉੱਨਤੀ ਕਰਨ। 4.ਲੋਕਾਂ ਦੀ ਆਤਮਾ ਧਾਰਮਿਕ ਤੌਰ ਉਤੇ ਸੁਰਜੀਤ ਤੇ ਤਕੜੀ ਹੋਵੇ। 5.ਦੇਸ਼ ਤੇ ਜਨਤਾ,ਬਦੇਸ਼ੀਆਂ ਤੇ ਰਾਜੇ ਰਾਣਿਆਂ ਦੀ ਪ੍ਰਾਧੀਨਤਾ ਤੋਂ ਸੁਤੰਤਰ ਹੋ ਕੇ,ਆਪਣਾ ਰਾਜ ਆਪ ਕਰਨ।

"ਸਿੱਖ ਗੁਰੂਆਂ,ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਪਿੱਛੋਂ,ਬਾਬਾ ਰਾਮ ਸਿੰਘ ਹਿੰਦੁਸਤਾਨ ਵਿੱਚ ਇਕ ਬੜੇ ਮਹਾਨ ਸੁਧਾਰਕ ਅਤੇ ਰਾਹਨੁਮਾ ਹੋਏ ਹਨ।ਜਿਨ੍ਹਾਂ ਨੇ ਸਮਾਜ ਵਿੱਚ ਮਰਦ ਤੇ ਇਸਤਰੀ ਦੀ ਪੂਰਨ ਤੇ ਮੁਕੰਮਲ ਬਰਾਬਰੀ ਦਾ ਪ੍ਰਚਾਰ ਕੀਤਾ ਤੇ ਆਪਣੇ ਪ੍ਰਚਾਰ ਵਿੱਚ ਸਫਲ ਹੋਏ।ਉਹਨਾਂ ਨੇ ਦੇਸ਼ ਤੇ ਜਾਤੀ ਲਈ ਜੋ ਮਹਾਨ ਕੰਮ ਕੀਤੇ ਹਨ,ਜੇ ਉਹ ਛੱਡ ਭੀ ਦੇਈਏ ਤਾਂ ਉਹਨਾਂ ਦਾ ਇੱਕ ਇਹ ਪ੍ਰਚਾਰ ਕਿ ਇਸਤਰੀ ਤੇ ਮਰਦ ਸਮਾਜ ਵਿੱਚ ਬਰਾਬਰ ਦੇ ਹੱਕਦਾਰ ਹਨ,ਹੀ ਉਹਨਾਂ ਨੂੰ ਸੰਸਾਰ ਭਰ ਦੇ ਸ਼ਿਰੋਮਣੀ ਸੁਧਾਰਕਾਂ ਦੀ ਸਫ ਵਿੱਚ ਖੜਾ ਕਰ ਦਿੰਦਾ ਹੈ।



'ਸਪਤ ਸ੍ਰਿੰਗ'
(ਸਿਰਦਾਰ ਕਪੂਰ ਸਿੰਘ ਆਈ.ਸੀ.ਐਸ.)



3 ਜੂਨ 1863 ਈ: ਪਿੰਡ ਖੋਟੇ (ਮੋਗਾ-ਪੰਜਾਬ) ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ
ਛੇ ਅਨੰਦ ਕਾਰਜ ਕਰਕੇ ਗੁਰਮਤਿ ਅਨੰਦ-ਮਰਿਯਾਦਾ ਆਰੰਭ ਕੀਤੀ।

"ਛੇ ਅਨੰਦ ਪੜ੍ਹਾਏ ਏਕ ਅਨੰਦ ਪੜ੍ਹਾਇਆ ਤਰਖਾਣ ਸਿੰਘ ਕੀ ਲੜਕੀ ਅਰੋੜਿਆਂ ਸਿੰਘਾਂ ਕਾ ਲੜਕਾ।ਦੀਨ ਦਿਆਲ ਜੀ ਬਚਨ ਕੀਤਾ, ਪਹਿਲੇ ਮੈਂ ਆਪਣੇ ਘਰ ਸੇ ਰੀਤ ਤੋਰੀ ਹੈ।ਸਰਬ ਖਾਲਸੇ ਕੋ ਕਰਨੀ ਪਏਗੀ।ਕਈਆਂ ਸਿੰਘਾਂ ਨੇ ਅਰਜਾਂ ਕੀਤੀਆਂ ਕਿ ਸਾਡੀਆਂ ਲੜਕੀਆਂ ਕੇ ਅਨੰਦ ਆਪ ਕੇ ਹਜ਼ੂਰ ਪੜ੍ਹੇ ਜਾਵਨ ਤਾਂ ਅਸੀਂ ਪ੍ਰਸੰਨ ਹਾਂ।ਖੋਟੀਂ ਸਾਰੇ ਪਿੰਡ ਮੇਂ ਇਹ ਬਾਤਾਂ ਹੋਵਨ ਅਨੰਦ ਕੀਆਂ ਕਿ ਨਵੀਂ ਰੀਤ ਤੋਰੀ ਹੈ ਅਤੇ ਬ੍ਰਾਹਮਣਾਂ ਕੋ ਮੰਨਣਾ ਭੀ ਛੋੜ ਦੀਆ ਹੈ।ਦੇਖੋ ਕੈਸਾ ਅਚਰਜ ਪੰਥ ਪੈਦਾ ਹੋਇਆ ਹੈ।

(ਸਤਿਗੁਰੂ ਬਿਲਾਸ-1,ਭਾਈ ਸੰਤੋਖ ਸਿੰਘ ਬਾਹੋਵਾਲ)

ਮਰਣੇ ਔ ਪਰਣੇ ਪੈਂ ਬਿੱਪਰੈਂ ਬੁਲਾਵੈਂ ਨਾਂਹਿ,
ਆਨੰਦ ਪਢਾਵੈਂ ਰੀਤਿ ਗੁਰੂ ਘਰ ਕੀ ਲਭੀ।
ਰਾਮ ਸਿੰਘ ਹੀ ਕੋ ਸਤਿਗੁਰ ਅਵਤਾਰ ਪੀਰ ਜਾਨੈ,
ਜੋ ਬਖਾਨੈਂ ਵਹਿ ਸੋਊ ਮਾਨ ਹੈਂ ਸਭੀ।

ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ

ਸ੍ਰੀ ਰਾਮ ਸਿੰਘ ਕੂਕੇ ਪਹਿਲੇ ਅਨੰਦ ਸੁ ਛੰਦ ਪੜਾਏ ਸਹਿਲੇ,
ਤਿਨ ਕੋ ਦੇਖ ਔਰ ਸਿੱਖ ਘਣੇ, ਲਗੇ ਅਨੰਦ ਪੜਾਵਨ ਤਨੇ,

-ਭੁਪਿੰਦਰਾ ਨੰਦ -ਗਿਆਨੀ ਗਿਆਨ ਸਿੰਘ

ਪੂਰੇ ਸਤਿਗੁਰੂ ਪੰਥ ਨੂੰ ਹੁਕਮ ਦਿੰਦੇ
ਬੁੱਢੀ ਬਾਲੀ ਨੂੰ ਕਹਿਣ ਪੁਕਾਰ ਬੀਬੀ।
ਨਾਮ,ਦਾਨ,ਇਸ਼ਨਾਨ ਸਣ ਕੇਸ਼ ਕਰਨਾ
ਖੋਲ੍ਹ ਗੁੱਤ,ਜੂੜਾ ਸਿਰ ਧਾਰ ਬੀਬੀ।
ਡੋਰੀ,ਖਮ੍ਹਣੀ,ਸੁੱਟ ਪਰਾਂਦੀਆਂ ਨੂੰ
ਰੱਖੀਂ ਪਾਸ ਤੂੰ ਪੰਜ ਕਕਾਰ ਬੀਬੀ।
ਲੋਰੀ ਦੇਣੀ ਹੈ ਦੇਸ਼ ਆਜ਼ਾਦ ਕਰਨਾ
ਕਰਨਾ ਦੇਸ਼ ਨੂੰ ਸਦਾ ਪਿਆਰ ਬੀਬੀ।
ਕਾਲਾ ਸਿੰਘ ਮੈਂ ਵੇਖਿਆ ਹੁਕਮਨਾਮਾ
ਤਾਂ ਹੀ ਲਿਖਿਆ ਕਲਮ ਪਸਾਰ ਬੀਬੀ।

(ਕਵੀ ਬਾਬਾ ਕਾਲਾ ਸਿੰਘ "ਸਿੰਘਾਂ ਨਾਮਧਾਰੀਆਂ ਦਾ")


ਗੁਰਮਤਿ ਦੇ ਨਾਲ ਹੀ ਸਤਿਜੁਗੀ ਰੀਤਾਂ ਵੀ ਪ੍ਰਚੱਲਿਤ ਹਨ।ਆਨੰਦ ਸਮੇਂ ਵੇਦੀ ਗੱਡਣੀ,ਹਵਨ ਕਰਨਾ,ਵਰ ਵਧੂ ਨੂੰ ਅੱਗ ਦੇ ਦੁਆਲੇ ਘੁਮਾਉਣਾਂ ਆਦਿ।ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਨਾਮਧਾਰੀਏ ਵਿਆਹ ਸ਼ਾਦੀਆਂ ਬੜੇ ਸਾਦੇ ਢੰਗ ਨਾਲ ਕਰਦੇ ਹਨ,ਜਿਨ੍ਹਾਂ ਵਿੱਚ ਖਰਚ ਨਹੀਂ ਕੀਤਾ ਜਾਂਦਾ।ਸੋਧ ਦਾ ਪ੍ਰਸ਼ਾਦ ਛਕਦੇ ਹਨ ਤੇ ਦਾਰੂ ਮਾਸ ਤੋਂ ਖਾਸ ਕਰਕੇ ਪ੍ਰਹੇਜ ਰੱਖਦੇ ਹਨ।ਇਸੇ ਮਰਿਯਾਦਾ ਦੀ ਪ੍ਰਮਾਣਿਕਤਾ ਨੂੰ ਅਧਾਰ ਬਣਾ ਕੇ 22 ਅਕਤੂਬਰ 1909 ਨੂੰ ਅਨੰਦ ਮੈਰਿਜ ਐਕਟ ਪਾਸ ਹੋਇਆ"।

ਪੰਜਾਬ ਦੀਆਂ ਲਹਿਰਾਂ ਐਡੀਸ਼ਨ-1,ਪੰਨਾ-144 ਸ. ਸ਼ਮਸ਼ੇਰ ਸਿੰਘ ਅਸ਼ੋਕ ਪ੍ਰਸਿੱਧ ਇਤਿਹਾਸਕਾਰ



3 ਜੂਨ 1963ਈ: ਪਿੰਡ ਖੋਟੇ (ਮੋਗਾ) ਅਨੰਦ ਮਰਿਯਾਦਾ ਸ਼ਤਾਬਦੀ,
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ 151 ਜੋੜਿਆਂ ਦੇ ਸਾਮੂਹਿਕ ਅਨੰਦ ਕਾਰਜ।

ਪ੍ਰਵਚਨ
ਸ੍ਰੀ ਸਤਿਗੁਰੂ ਉਦੇ ਸਿੰਘ ਜੀ



ਖਾਲਸਾ ਪੰਥ ਦੀ ਸਿਰਜਨਾ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਅਤੇ ਜੋ ਸਰੂਪ ਅਸੀਂ ਦੇਖ ਰਹੇ ਹਾਂ ਉਹ ਸਤਿਗੁਰੂ ਰਾਮ ਸਿੰਘ ਜੀ ਦੀ ਦੇਣ ਹੈ।ਉਹਨਾਂ ਇਹ ਦ੍ਰਿੜਾਇਆ ਕਿ ਤੁਹਾਨੂੰ ਗੁਰਬਾਣੀ ਅਤੇ ਨਾਮ ਦਿੱਤਾ ਹੈ,ਉਹ ਸਭ ਤੋਂ ਉੱਤੇ ਹੈ।

ਉਹ ਇਕ ਸਮਾਂ ਸੀ ਵਿਆਹ ਏਨੇ ਮਹਿੰਗੇ ਹੋ ਚੁੱਕੇ ਸਨ,ਇਹ ਸਮਝਿਆ ਜਾਂਦਾ ਸੀ ਕਿ ਕੁੜੀਆਂ ਵਿਆਹੁਣ ਨਾਲੋਂ ਗਲਾ ਘੁੱਟ ਦੇਣਾ ਚੰਗਾ ਹੈ।ਉਸ ਸਮੇਂ ਦੀ ਲੋੜ ਨੂੰ ਸਮਝਦਿਆਂ ਸਤਿਗੁਰੂ ਰਾਮ ਸਿੰਘ ਜੀ ਨੇ ਇਹ ਅਨੰਦ ਕਾਰਜ ਦੀ ਰੀਤ 1863 ਈ: ਨੂੰ ਪਿੰਡ ਖੋਟੇ ਤੋਂ ਸ਼ੁਰੂ ਕੀਤੀ ਜਿਹੜੀ ਅੱਜ ਤੱਕ ਉਸੇ ਤਰ੍ਹਾਂ ਚੱਲ ਰਹੀ ਹੈ। ਸਤਿਗੁਰੂ ਰਾਮ ਸਿੰਘ ਜੀ ਦੀ ਚਲਾਈ ਹੋਈ ਰੀਤ ਨੂੰ ਜੋ ਅਸੀਂ ਵੇਖਿਆ ਹੈ,ਉਸਨੂੰ ਦ੍ਰਿੜ ਸਤਿਗੁਰੂ ਜਗਜੀਤ ਸਿੰਘ ਸੱਚੇਪਾਤਸ਼ਾਹ ਜੀ ਨੇ ਇਸ ਤਰ੍ਹਾਂ ਕਰਾਇਆ ਹੈ ਕਿ ਇੱਕ-ਇੱਕ ਬੱਚੇ ਤੋਂ ਪ੍ਰਣ ਲਿਆ ਕਿ ਮੈਂ ਦਾਜ ਨਹੀਂ ਲਵਾਂਗਾ,ਪਾਰਟੀ ਨਹੀਂ ਕਰਾਂਗਾ,ਕੋਈ ਹੋਰ ਰਸਮ ਵੀ ਨਹੀਂ ਕਰਾਂਗਾ।ਇਹ ਸੱਚੇਪਾਤਸ਼ਾਹ ਸਾਡੇ ਭਲੇ ਵਾਸਤੇ ਕਰਦੇ ਨੇਂ।

ਸਾਨੂੰ ਨਾਮਧਾਰੀਆਂ ਨੂੰ ਇਹ ਗਰਵ ਹੈ,ਸਾਡਾ ਦੁਨੀਆਂ ਵਿੱਚ ਇਸ ਕਰਕੇ ਸਤਿਕਾਰ ਹੁੰਦਾ ਹੈ ਕਿ ਸਾਡੇ ਅਨੰਦ ਕਾਰਜ ਬਹੁਤ ਸਾਦੇ ਹੁੰਦੇ ਹਨ।ਮੇਰੀ ਇਹ ਅਰਜ਼ ਬੇਨਤੀ ਹੈ ਕਿ ਨੌਜਵਾਨ ਅੱਗੇ ਲੱਗਣ,ਅਸੀਂ ਇਹ ਪ੍ਰਣ ਕਰੀਏ ਸਾਡੇ ਅਨੰਦ ਕਾਰਜ ਸਾਦੇ ਹੋਣਗੇ, ਸਤਿਗੁਰਾਂ ਦੇ ਹੁਕਮ ਮੁਤਾਬਿਕ ਹੋਣਗੇ।ਕੋਈ ਲੈਣ-ਦੇਣ ਨਹੀਂ ਹੋਵੇਗਾ।ਸੱਚੇਪਾਤਸ਼ਾਹ ਕਿਰਪਾ ਕਰਨ,ਅਸੀਂ ਉਹਨਾਂ ਦੇ ਚਰਨਾਂ ਵਿੱਚ ਅਰਦਾਸ ਕਰੀਏ ਜਿਸ ਤਰ੍ਹਾਂ ਉਹਨਾਂ ਦੀ ਰਜ਼ਾ ਸੀ ਅਸੀਂ ਉਸੇ ਤਰ੍ਹਾਂ ਚੱਲ ਸਕੀਏ।

(ਇਸਤਰੀ ਉਪਕਾਰਾਂ ਦੀ 150ਵੀਂ ਵਰ੍ਹੇ ਗੰਢ ਤੇ- 31 ਮਾਰਚ,2013 ਹੋਲਾ ਮਹੱਲਾ,ਸ੍ਰੀ ਭੈਣੀ ਸਾਹਿਬ)



ਅੰਗ੍ਰੇਜ਼ੀ ਵਪਾਰ ਦਾ ਬਾਈਕਾਟ



ਅੰਗ੍ਰੇਜ਼ੀ ਅਦਾਲਤਾਂ ਦਾ ਬਾਈਕਾਟ



ਨਾ-ਮਿਲਵਰਤਨ ਅਤੇ ਸਵਦੇਸ਼ੀ ਲਹਿਰ ਦੇ ਮੋਢੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਅੰਗ੍ਰੇਜ਼ੀ ਰੇਲ ਦਾ ਬਾਈਕਾਟ



ਅੰਗ੍ਰੇਜ਼ੀ ਡਾਕ ਅਤੇ ਤਾਰ ਦਾ ਬਾਈਕਾਟ



ਅੰਗ੍ਰੇਜ਼ੀ ਸਕੂਲਾਂ ਦਾ ਬਾਈਕਾਟ

ਗੁਰੂ ਰਾਮ ਸਿੰਘ ਜੀ ਸੁਤੰਤਰਤਾ ਕੋ ਭੀ ਧਰਮ ਕਾ ਅੰਗ ਸਮਝਤੇ ਥੇ।ਹਮਾਰੇ ਦੇਸ਼ ਮੇਂ ਮਹਾਤਮਾ ਗਾਂਧੀ ਨੇ ਜੋ ਅਸਿਹਯੋਗ ਇਤਨੇ ਜ਼ੋਰ ਸੇ ਚਲਾਇਆ ਹੈ ਉਸ ਕਾ ਗੁਰੂ ਰਾਮ ਸਿੰਘ ਜੀ ਨੇ ਪ੍ਰਾਯ ਪਚਾਸ ਵਰਸ਼ ਪੂਰਵ ਹੀ ਨਾਮਧਾਰੀਓਂ ਮੇਂ ਪ੍ਰਚਾਰ ਕੀਆ ਥਾ।ਉਨ ਕੇ ਸਿਧਾਂਤੋਂ ਮੇਂ ਪਾਂਚ ਚੀਜ਼ੇਂ ਥੀਂ-

(1) ਸਰਕਾਰੀ ਨੌਕਰੀ ਕਾ ਬਹਿਸ਼ਕਾਰ। (2) ਸਰਕਾਰੀ ਅਦਾਲਤੋਂ ਕਾ ਬਹਿਸ਼ਕਾਰ। (3)ਸਰਕਾਰੀ ਸਕੂਲੋਂ ਕਾ ਬਹਿਸ਼ਕਾਰ (4) ਵਿਦੇਸ਼ੀ ਵਸਤਰੋਂ ਕਾ ਬਹਿਸ਼ਕਾਰ (5) ਐਸੇ ਕਾਨੂੰਨ ਮਾਨਨੇ ਸੇ ਇਨਕਾਰ ਜੋ ਅਪਨੀ ਆਤਮਾ ਕੇ ਵਿਰੁੱਧ ਹੈ।

(-ਡਾ:ਰਾਜਿੰਦਰ ਪ੍ਰਸਾਦ {ਭਾਰਤ ਦੇ ਪਹਿਲੇ ਰਾਸ਼ਟਰਪਤੀ} ਦੇ 1935 ਈ. 'ਚ ਲਿਖੇ ਲੇਖ ਚੋਂ)

ਸਤਿਗੁਰੂ ਰਾਮ ਸਿੰਘ ਜੀ ਨੇ ਨਾ-ਮਿਲਵਰਤਨ ਅਤੇ ਦੇਸ਼ ਲਈ ਕੁਰਬਾਨੀ ਦੀ ਲਹਿਰ ਚਲਾ ਕੇ ਦੇਸ਼ ਭਗਤਾਂ ਨੂੰ ਜੋ ਰਾਹ ਦਿਖਲਾਇਆ ਹੈ,ਜੇ ਸਾਰਾ ਦੇਸ਼ ਉਸ ਨੂੰ ਸਮਝ ਲਵੇ ਤਾਂ ਥੋੜੇ ਦਿਨਾਂ ਵਿੱਚ ਹੀ ਆਪਣੀ ਗਿਣਤੀ ਅਜ਼ਾਦ ਦੇਸ਼ਾਂ ਵਿੱਚ ਕਰਾ ਸਕਦਾ ਹੈ।...... ਆਪ ਨੇ ਆਪਣੀ ਮਾਤਰ ਭੂਮੀ ਨੂੰ ਸੁਤੰਤਰਤਾ ਦਿਵਾਣ ਲਈ ਅੱਜ ਤੋਂ ਪੌਣੀਂ ਸਦੀ ਪਹਿਲਾਂ ਜੋ ਮਹਾਨ ਗੌਰਵਸ਼ਾਲੀ ਪ੍ਰੀਸ਼ਰਮ ਕੀਤਾ ਉਸਤੋਂ ਕੋਈ ਵੀ ਹਿੰਦੋਸਤਾਨੀ ਇਨਕਾਰ ਨਹੀਂ ਕਰ ਸਕਦਾ। -

ਪੰ ਜਵਾਹਰ ਲਾਲ ਨਹਿਰੂ-1939 ਈ:

ਸਭ ਅਪਨੇ ਹੈਂ ਹਮ ਸਭਕੇ ਹੈਂ' ਕਿਤਨਾ ਬੜਾ ਅਹਿਸਾਨ ਹੈ ਸਿੱਖ ਗੁਰੂਓਂ ਕਾ ਇਸ ਦੇਸ਼ ਔਰ ਦੁਨੀਆਂ ਕੇ ਉਪਰ।ਮੈਂ ਤੋ ਅਪਨੇ ਆਪ ਕੋ ਕੇਸਾਧਾਰੀ ਨਾ ਸਹੀ,ਸਹਿਜਧਾਰੀ ਸਹੀ ਗੁਰੂ ਨਾਨਕ ਕੇ ਚੇਲੋਂ ਮੇਂ ਮਾਨਤਾ ਹੂੰ।ਮੈਂ ਤੋ ਅਪਨੇ ਆਪ ਕੋ ਸਿੱਖ ਮਾਨਤਾ ਹੂੰ,ਸਹਿਜਧਾਰੀ।ਗੁਰੂ ਰਾਮ ਸਿੰਘ ਮੇਰੇ ਦਾਦਾ ਗੁਰੂ ਹੈਂ ਕਿਉਂਕਿ ਮਹਾਤਮਾ ਗਾਂਧੀ ਮੇਰੇ ਗੁਰੂ ਹੈਂ ਔਰ ਮਹਾਤਮਾ ਗਾਂਧੀ ਕੇ ਗੁਰੂ,ਸਤਿਗੁਰੂ ਰਾਮ ਸਿੰਘ ਹੈਂ।ਮਹਾਤਮਾ ਗਾਂਧੀ ਨੇ ਨਾਨ-ਵਾਇਲੈਂਸ ਕਾ ਆਈਡੀਆ ਗੁਰੂ ਰਾਮ ਸਿੰਘ ਸੇ ਹੀ ਲੀਆ ਥਾ।

(ਪੰ. ਸੁੰਦਰ ਲਾਲ, ਪ੍ਰਸਿੱਧ ਸੁਤੰਤਰਤਾ ਸੰਗਰਾਮੀ ਤੇ ਇਤਿਹਾਸਕਾਰ)

ਉਹਨਾਂ (ਗੁਰੂ ਰਾਮ ਸਿੰਘ ਜੀ) ਉਸ ਵੇਲੇ ਨਾ-ਮਿਲਵਰਤਨ ਲਹਿਰ ਦਾ ਪ੍ਰਚਾਰ ਸ਼ੁਰੂ ਕੀਤਾ ਜੋ 1920 ਵਿੱਚ ਮਹਾਤਮਾ ਗਾਂਧੀ ਜੀ ਨੇ ਕੀਤਾ ਸੀ। ਉਹਨਾਂ ਦੀ ਨਾ-ਮਿਲਵਰਤਨ ਲਹਿਰ ਮਹਾਤਮਾ ਗਾਂਧੀ ਦੀ ਨਾ-ਮਿਲਵਰਤਨ ਨਾਲੋਂ ਕਈ ਗੱਲਾਂ ਵਿੱਚ ਵੱਧ ਕੇ ਸੀ। ਅਦਾਲਤਾਂ ਦਾ ਬਾਈਕਾਟ,ਆਪਣੀਆਂ ਪੰਚਾਇਤਾਂ ਦੀ ਕਾਇਮੀ,ਸਰਕਾਰੀ ਤਾਲੀਮ ਦਾ ਬਾਈਕਾਟ,ਵਿਦੇਸ਼ੀ ਸਰਕਾਰ ਦੇ ਬਾਈਕਾਟ ਨਾਲ ਰੇਲ,ਤਾਰ ਤੇ ਡਾਕ ਦੇ ਬਾਈਕਾਟ ਦਾ ਵੀ ਪੂਰਾ ਪ੍ਰਚਾਰ ਕੀਤਾ। ਉਸ ਵੇਲੇ ਦੇਸ਼ ਇੰਨਾਂ ਸਾਹ-ਸਤਹੀਣ ਹੋ ਗਿਆ ਸੀ ਕਿ ਉਨ੍ਹਾਂ ਦੇ ਬਾਈਕਾਟ ਦੀ ਗੱਲ ਸੋਚੀ ਨਹੀਂ ਜਾ ਸਕਦੀ ਸੀ।


ਸ਼ਹੀਦ ਭਗਤ ਸਿੰਘ ਦੇ ਲੇਖ 'ਮਹਾਨ ਕੂਕਾ ਲਹਿਰ' ਵਿੱਚੋਂ

ਸਤਿਗੁਰੂ ਰਾਮ ਸਿੰਘ ਜੀ ਅੰਗਰੇਜ਼ਾਂ ਦੀ ਗੁਲਾਮੀ ਤੋਂ ਮੁਕਤੀ ਪਾਉਣ ਲਈ ਜਥੇਬੰਦੀ ਵੀ ਮਜ਼ਬੂਤ ਕੀਤੀ ਅਤੇ ਨਾਮਧਾਰੀਆਂ ਦੇ ਦਿਲਾਂ ਵਿੱਚ ਸਵਰਾਜ ਦਾ ਮਾਦਾ ਵੀ ਭਰਨਾ ਸ਼ੁਰੂ ਕੀਤਾ। ਆਪ ਇੱਕ ਉੱਚੇ ਸਿਆਸਤਦਾਨ ਵੀ ਸਨ। ਸੱਚ ਤਾਂ ਇਹ ਹੈ ਕਿ ਮੈਨੂੰ ਅੰਗਰੇਜ਼ੀ ਸਾਮਰਾਜ ਦੀ ਗੁਲਾਮੀ ਨਾਲ ਜੋ ਨਫਰਤ ਸੀ,ਉਹ ਨਾਮਧਾਰੀ ਮੂਵਮੈਂਟ ਤੋਂ ਵਿਰਸੇ ਵਿੱਚ ਮਿਲੀ ਸੀ, ਅਤੇ 1907 ਦੀ ਪੰਜਾਬ ਦੀ ਐਜੀਟੇਸ਼ਨ ਨੇ ਏਸ ਨੂੰ ਹੋਰ ਮਜਬੂਤ ਕਰ ਦਿੱਤਾ। ਨਾਮਧਾਰੀਆਂ ਨੇ ਹੀ ਨਾ-ਮਿਲਵਰਤਨ,ਸਵਦੇਸ਼ੀ,ਅਹਿੰਸਾ ਅਤੇ ਸਿਵਲ ਨਾ ਫੁਰਮਾਨੀ ਆਦਿ ਦਾ ਆਰੰਭ ਕੀਤਾ।

-ਬਾਬਾ ਸੋਹਨ ਸਿੰਘ ਭਕਨਾ

ਅਪਨੀ ਪਸਲੀਓਂ ਕੋ ਜਲਾ ਕਰ ਕੂਕੋਂ ਨੇ ਉਸ ਸ਼ਮ੍ਹਾ ਕੋ ਰੌਸ਼ਨ ਕੀਆ ਜਿਸ ਸੇ ਸ਼ਾਂਤੀ,ਸਵਤੰਤਰਤਾ,ਲੋਕਤੰਤਰ ਤਥਾ ਏਕਤਾ ਕੋ ਅਲੌਕਿਕ ਪ੍ਰਕਾਸ਼ ਪ੍ਰਾਪਤ ਹੂਆ।

(ਮਹਾਂ ਕਵੀ ਰਵਿੰਦਰ ਨਾਥ ਟੈਗੋਰ)



ਲਾਈ ਅਸਾਂ ਜੋ ਚਿਣਗ ਅਜ਼ਾਦੀ, ਲਟ-ਲਟ ਬਲੇ ਜਵਾਲਾ॥
ਓੜਕ ਸਾਰਾ ਦੇਸ਼ ਉਠੇਗਾ, ਵੇਖ ਅਸਾਡਾ ਚਾਲਾ॥

ਸੰਪੂਰਨ ਸੁਤੰਤਰਤਾ ਦਾ ਸੰਕਲਪ

ਜੂਨ 1863ਈ: ਵਿਚ ਅੰਗ੍ਰੇਜ ਸਰਕਾਰ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਸ੍ਰੀ ਭੈਣੀ ਸਾਹਿਬ ਨਜ਼ਰਬੰਦ ਕਰ ਦਿੱਤਾ। ਆਪ ਜੀ ਨੇ ਪੰਜ ਸੂਬੇ ਥਾਪੇ , ਉਹ ਵੀ ਜੂਹ-ਬੰਦ ਕਰ ਦਿੱਤੇ, ਫੇਰ ਸਤਾਰਾਂ ਹੋਰ ਥਾਪੇ ਉਨ੍ਹਾਂ ਤੇ ਵੀ ਪਾਬੰਦੀ ਲਾ ਦਿੱਤੀ ਤਾਂ ਕਮਿਸ਼ਨਰ ਅੰਬਾਲਾ ਨੇ ਆ ਕੇ ਵਿਅੰਗ ਕੀਤਾ - "ਬਾਬਾ ਸਾਹਿਬ, ਅਬ ਕਿਆ ਕਰੋਗੇ"। ਸਤਿਗੁਰੂ ਰਾਮ ਸਿੰਘ ਜੀ ਨੇ ਮਸਤਾਨਾ ਅੰਦਾਜ਼ 'ਚ ਫੁਰਮਾਇਆ - "ਜਾਹ ਓਏ ਬਿੱਲਿਆ, ਮੈਂ ਘਰ ਘਰ ਰਾਮ ਸਿੰਘ ਕਰ ਦਿਆਂਗਾ"।

"(ਗੁਰੂ) ਰਾਮ ਸਿੰਘ ਨੂੰ ਕੇਵਲ ਸੰਤ-ਸੁਭਾਅ ਫਕੀਰ ਅਖਵਾਉਣ ਦਾ ਕੋਈ ਬਹਾਨਾ ਨਹੀਂ।ਉਹ ਅੱਧੀ ਦਰਜਨ ਘੋੜ-ਸਵਾਰਾਂ ਅਤੇ ਵੀਹਾਂ ਪੈਦਲ ਪੈਰੋਕਾਰਾਂ ਨਾਲ ਆਉਂਦਾ ਹੈ।ਉਹ ਤੁਹਾਡੇ ਕਮਰੇ ਵਿੱਚ ਰਾਜਕੁਮਾਰ ਵਾਂਗ ਦਰਬਾਰੀਆਂ ਨਾਲ ਘਿਰਿਆ ਪ੍ਰਵੇਸ਼ ਕਰਦਾ ਹੈ।ਉਸਨੇ ਅਤੇ ਉਸਦੇ ਸਾਥੀਆਂ ਨੇ ਸਲੀਕੇਦਾਰ ਸਫੈਦ ਕਪੜੇ ਹੁੰਦੀ ਹਨ।"

(-ਜੇ.ਡਬਲਯੂ.ਮੈਕਨਬ 04-11-1871)'

"ਇਹਨਾਂ (ਕੂਕਿਆਂ) ਦੀ ਹੋਂਦ ਅਤੇ ਖਾਸ ਕਰਕੇ ਇਹਨਾਂ ਦੀ ਗਿਣਤੀ ਵਿੱਚ ਤੇਜ਼ੀ ਨਾਲ ਹੋ ਰਿਹਾ ਵਾਧਾ ਅਤੇ ਆਪਸੀ ਤਾਲਮੇਲ ਕਦੇ ਵੀ,ਹੁਣ ਜਾਂ ਬਾਅਦ ਵਿੱਚ,ਗੜਬੜ ਪੈਦਾ ਕਰ ਸਕਦਾ ਹੈ।ਆਪਸੀ ਸਹਿਯੋਗ ਅਤੇ ਸਹਿਚਾਰ ਦੀ ਭਾਵਨਾ ਕਾਰਨ ਇਨ੍ਹਾਂ ਦਾ ਆਗੂ ਕਦੇ ਵੀ ਇਨ੍ਹਾਂ ਨੂੰ ਕਿਸੇ ਵੱਡੇ ਫਤੂਰ ਲਈ ਵਰਤ ਸਕਦਾ ਹੈ।ਮੇਰਾ ਇਹ ਨਿਸ਼ਚਾ ਹੈ ਕਿ ਇਨ੍ਹਾਂ (ਕੂਕਿਆਂ) ਦਾ ਉਦੇਸ਼,ਕਿਸੇ ਵਕਤ,ਅੰਗਰੇਜ਼ਾਂ ਨਾਲ ਯੁੱਧ ਕਰਨਾ ਹੈ।ਸਰਕਾਰ ਨੂੰ ਇਹ ਗੱਲ ਚਿਤਾਵਨੀ ਰੂਪ ਵਿੱਚ ਲੈਣੀ ਚਾਹੀਦੀ ਹੈ।"

(-ਕਰਨਲ ਆਰ.ਜੀ.ਟੇਲਰ,ਕਮਿਸ਼ਨਰ ਅੰਬਾਲਾ ਦੀ ਪੰਜਾਬ ਸਰਕਾਰ ਨੂੰ ਰਿਪੋਰਟ 11-09-1866)

ਭਾਰਤ ਦੀ ਆਜ਼ਾਦੀ ਦੇ ਸੰਗਰਾਮ ਦੀ ਸਾਰੇ ਸੰਸਾਰ ਵਿੱਚ ਸਰਕਾਰੀ ਪੱਧਰ ਤੇ ਜੇ ਪਬਲੀਸਿਟੀ ਵੀ ਕੀਤੀ ਜਾਵੇ,ਉਸ ਵਿੱਚ ਇਹ ਠੋਕ ਵਜਾ ਕੇ ਦੱਸਿਆ ਜਾਵੇ ਕਿ ਦੇਸ਼ ਦੀ ਆਜ਼ਾਦੀ ਦੀ ਬੁਨਿਆਦ ਰੱਖਣ ਵਾਲੇ ਬਾਬਾ ਰਾਮ ਸਿੰਘ ਜੀ ਸਨ।ਜਿਨਾਂ ਕਾਂਗਰਸ ਦੇ ਜਨਮ ਤੋਂ ਵੀ ਬਹੁਤ ਪਹਿਲਾਂ ਜ਼ਾਬਰ ਅੰਗਰੇਜ ਨਾਲ ਲੋਹਾ ਲਿਆ।ਸ਼ਾਂਤਮਈ ਦੀ ਸ਼ਾਨਦਾਰ ਜੰਗ ਲੜੀ।ਅੰਗਰੇਜ਼ ਵਿਰੁੱਧ ਨਾ-ਮਿਲਵਰਤਨ ਦੀ ਲਹਿਰ ਚਲਾਈ।ਸਰਕਾਰੀ ਡਾਕਖਾਨਿਆਂ ਦਾ,ਕਾਰਖਾਨਿਆਂ ਦਾ ,ਰੇਲਾਂ ਦਾ ਅਤੇ ਹੋਰ ਸਰਕਾਰੀ ਦਫਤਰਾਂ ਦਾ ਬਾਈਕਾਟ ਕੀਤਾ।ਸੁਦੇਸ਼ੀ ਲਹਿਰ ਦੇ ਵੀ ਬਾਨੀ ਬਾਬਾ ਰਾਮ ਸਿੰਘ ਜੀ ਹੀ ਸਨ ਜੋ ਜਲਾਵਤਨ ਕੀਤੇ ਗਏ ਪਹਿਲੇ ਸਿਆਸੀ ਆਗੂ ਸਨ।ਜੇ ਸਾਡੇ ਦੇਸ਼ ਵਿੱਚ ਤੰਗ ਨਜ਼ਰੀਆ ਨਾ ਹੁੰਦਾ ਤਾਂ ਅੱਜ ਆਪ "ਫਾਦਰ ਆਫ ਨੇਸ਼ਨ" ਕਰਕੇ ਪੂਜੇ ਜਾਂਦੇ।

(ਗੁਰਦੁਆਰਾ ਗਜ਼ਟ,ਜੂਨ 1972 ਈਸਵੀ)



ਸ਼ਾਂਤੀ ਅਤੇ ਕਰਾਂਤੀ, ਸਤਿਗੁਰ ਦੋਵੇਂ ਪਾਠ ਪੜ੍ਹਾਏ॥
ਹੋਰ ਯਤਨ ਜਦ ਰਹਿਣ ਅਧੂਰੇ, ਸ਼ਸਤ੍ਰ ਸਿੰਘ ਉਠਾਏ॥

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਨਾਲ ਸ੍ਰ: ਹੀਰਾ ਸਿੰਘ ਸਢੌਰਾ ਦੀ ਸਰਪ੍ਰਸਤੀ ਹੇਠ ਰਿਆਸਤ ਕਸ਼ਮੀਰ ਵਿੱਚ 1869ਈ: ਵਿੱਚ 'ਕੂਕਾ ਰੈਜ਼ੀਮੈਂਟ' ਸਥਾਪਿਤ ਕੀਤੀ ਗਈ। ਏਸੇ ਬੀਜ ਦਾ ਵਿਸਥਾਰ ਰੂਪ ਸੀ "ਅਜ਼ਾਦ ਹਿੰਦ ਫੌਜ"।

"ਕੂਕਿਆਂ ਦਾ ਪੰਥ ਨਿਰਾਲਾ।
ਹੱਥਾਂ ਦੇ ਵਿਚ ਗੜਵੇ ਰੱਖਦੇ,ਗਲ ਵਿਚ ਉਨ ਦੀ ਮਾਲਾ।
ਅੰਗਰੇਜ਼ਾਂ ਦੀ ਈਨ ਨਾ ਮੰਨਦੇ,ਮੰਗਿਆਂ ਦੇਣ ਨਾ ਹਾਲਾ।
ਗਹਿਣਾ ਗੱਟਾ ਮੂਲ ਨਾਂ ਪਾਉਂਦੇ,ਸੁੱਚਾ ਰੱਖਦੇ ਚਾਲਾ।
ਰਾਜ ਫਰੰਗੀ ਦਾ,ਚੰਦ ਰੋਜ਼ ਦਾ ਚਾਲਾ।
(ਲੋਕ ਬੋਲੀ)

ਕੀਤਾ ਕੂਕਿਆਂ ਕੱਠ ਪੰਜਾਬ ਅੰਦਰ,
ਰਾਮ ਸਿੰਘ ਭਾਈ ਮੋਹਰੀ ਆਣ ਹੋ ਗਏ।
ਬੰਦੋਬਸਤ ਸਾਰਾ ਉਹਨਾਂ ਠੀਕ ਕੀਤਾ
ਗਦਰ ਕਰਨ ਦੇ ਠੀਕ ਸਮਾਨ ਹੋ ਗਏ।
ਰਾਮ ਸਿੰਘ ਭਾਈ ਜਲਾਵਤਨ ਕੀਤੇ
ਨਾਲ ਹੋਰ ਵੀ ਕਈ ਕੁਰਬਾਨ ਹੋ ਗਏ।
ਬੱਚੇ ਔਰਤਾਂ ਕਈ ਹਜ਼ਾਰ ਕੂਕੇ
ਖਾਤਰ ਦੇਸ਼ ਦੇ ਲਹੂ ਲੁਹਾਣ ਹੋ ਗਏ।
(-ਗਦਰ ਦੀ ਗੂੰਜ ਭਾਗ 1 ਨੰਬਰ 21)

"ਗੁਰੂ ਰਾਮ ਸਿੰਘ ਜੀ ਕੇ ਫਹਰਾਏ ਹੁਏ ਆਜ਼ਾਦੀ ਕੇ ਪਰਚਮ ਕੇ ਨੀਚੇ ਨਾਮਧਾਰੀ ਕੂਕੋਂ ਨੇ ਜੋ ਕੁਰਬਾਨੀਆਂ ਕੀ ਹੈਂ ਉਨ ਪਰ ਦੇਸ਼ ਸਦਾ ਗੌਰਵ ਕਰੇਗਾ।ਅਬ ਫਿਰ ਭਾਰਤੀਓਂ ਕੇ ਦੇਸ਼-ਪ੍ਰੇਮ ਕੀ ਪਰੀਕਸ਼ਾ ਹੋਨੇ ਵਾਲੀ ਹੈ।ਪੌਣੀ ਸਦੀ ਸੇ ਅਹਿੰਸਾਤਮਕ ਅਸਹਿਯੋਗ ਅੰਦੋਲਨ ਕਾ ਅਨੁਭਵ ਰਖਨੇ ਵਾਲੇ ਨਾਮਧਾਰੀ ਵੀਰ ਕੂਕੋਂ ਸੇ ਯਹੀ ਆਸ਼ਾ ਹੈ ਕਿ ਸ੍ਵਤੰਤਰਤਾ ਕਾ ਝੰਡਾ ਉਠਾ ਕਰ ਆਗੇ-ਆਗੇ ਬੜ੍ਹਤੇ ਦਿਖਾਈ ਦੇਤੇ ਰਹੇਂਗੇ ਔਰ ਦੂਸਰੇ ਦੇਸ਼-ਵਾਸੀਓਂ ਕੋ ਭੀ ਬਲੀਦਾਨ ਕੇ ਲੀਏ ਉਤਸਾਹਿਤ ਕਰਤੇ ਰਹੇਂਗੇ।ਗੁਰੂ ਰਾਮ ਸਿੰਘ ਜੀ ਭਾਰਤ ਮੇਂ ਅਹਿੰਸਾਤਮਕ ਅਸਹਿਯੋਗ ਕੇ ਸਰਵਪ੍ਰਥਮ ਨੇਤਾ ਰਹੇ।"
(ਨੇਤਾ ਜੀ ਸੁਭਾਸ਼ ਚੰਦਰ ਬੋਸ)



"ਕਾਬੁਲ ਦੇ ਅਮੀਰ ਅਬਦੁਲ ਰਜ਼ਾਕ ਨੇ ਆਪਣੇ ਦੋ ਪੁੱਤਰ ਭੈਣੀ ਸਾਹਿਬ ਵਿਖੇ (ਗੁਰੂ) ਰਾਮ ਸਿੰਘ ਦੇ ਸਿਧਾਂਤਾਂ ਦੀ ਜਾਣਕਾਰੀ ਵਾਸਤੇ ਭੇਜੇ...."ਇਹ ਜਾਨਣਾ ਦਿਲਚਸਪ ਗੱਲ ਹੋਵੇਗੀ ਕਿ ਇਕ ਪੇਂਡੂ ਤਰਖਾਣ ਦੀ ਪ੍ਰਸਿੱਧੀ ਏਨੀਂ ਦੂਰ ਤੱਕ ਪਹੁੰਚ ਚੁੱਕੀ ਹੈ।


–ਕੈਪਟਨ ਜੇ. ਸੀ. ਪੀ. ਬੇਲੀ, 1868ਈ:

ਭਾਰਤ ਦੀ ਆਜ਼ਾਦੀ ਲਈ ਸਤਿਗੁਰੂ ਰਾਮ ਸਿੰਘ ਜੀ ਦੇ ਵਿਦੇਸ਼ੀ ਸੰਪਰਕ


ਇਹ ਗੱਲ ਮੰਨਣੀ ਹੀ ਪਏਗੀ ਕਿ ਗੁਰਚਰਨ ਸਿੰਘ ਦੇ ਕੰਮ ਨੇ ਉਨ੍ਹੀਵੀਂ ਸਦੀ ਦੇ ਭਾਰਤ ਦੀ ਆਜ਼ਾਦੀ ਲਹਿਰ ਨੂੰ ਸੇਂਟਪੀਟਰਸ-ਬਰਗ ਤੋਂ ਬਰਮਾ ਤੱਕ ਫੈਲਾ ਦਿੱਤਾ ਸੀ ਅਤੇ ਆਜ਼ਾਦੀ ਦੀ ਲੜਾਈ ਦੇ ਇਤਿਹਾਸ ਵਿਚ ਗੁਰੂ ਰਾਮ ਸਿੰਘ, ਮੌਲਮੀਨ ਜੇਲ੍ਹ ਦੇ ਕਾਂਸਟੇਬਲ ਹਰਨਾਮ ਸਿੰਘ, ਭੈਣੀ ਸਾਹਿਬ ਦੇ ਗੁਰੂ ਬੁੱਧ ਸਿੰਘ (ਸਤਿਗੁਰੂ ਹਰੀ ਸਿੰਘ), ਸਰਿਹਾਲੀ ਦੇ ਮੀਹਾਂ ਸਿੰਘ, ਸੰਤ ਸਿੰਘ, ਮਛੂਆ ਬਜ਼ਾਰ ਦੇ ਬਨਬਿਹਾਰੀ ਸਿੰਘ, ਚੱਕ ਪਿਰਾਣਾ ਦੇ ਗੁਰਚਰਨ ਸਿੰਘ, ਰੂਸੀ ਹਾਕਮ ਕਾਰਡਕ ਮਿਆਨ, ਕਰੋਲ-ਕੋਵ ਤੇ ਈਵਾਨੋਵ ਸਭਨਾ ਨੇ ਰਲਕੇ ਇੱਕ ਹੈਰਾਨ ਕਰਨ ਵਾਲੇ ਅਧਿਆਇ ਦੀ ਰਚਨਾ ਕੀਤੀ ਹੈ। -ਡਾ. ਪੀ. ਸੀ. ਰਾਏ



ਸੂਬਾ ਗੁਰਬਚਨ ਸਿੰਘ -9 ਮਈ 1879ਈ: ਨੂੰ ਸਤਿਗੁਰੂ ਰਾਮ ਸਿੰਘ ਜੀ ਦਾ ਪੱਤਰ ਲੈ ਕੇ ਰੂਸ








ਸਤਿਗੁਰੂ ਰਾਮ ਸਿੰਘ ਜੀ ਅਤੇ ਸਤਿਗੁਰੂ ਹਰੀ ਸਿੰਘ ਜੀ ਦੁਆਰਾ ਰੂਸ ਸਰਕਾਰ ਵੱਲ ਲਿਖੇ ਪੱਤਰ ਅਤੇ ਫਾਰਸੀ ਭਾਸ਼ਾ ਵਿੱਚ ਰੂਸੀ ਹਾਕਮਾਂ ਦਾ ਜਵਾਬੀ ਸੰਦੇਸ਼

“ਗੁਰੂ ਰਾਮ ਸਿੰਘ ਅਤੇ ਬਾਬਾ ਬੁੱਧ ਸਿੰਘ ਨੂੰ ਸੈਨਾਪਤੀ ਅਤੇ ਗਵਰਨਰ ਜਨਰਲ ਵੱਲੋਂ ਨਮਸਕਾਰ ਪਹੁੰਚੇ। ਗੁਰਚਰਨ ਸਿੰਘ ਦੀ ਮਾਰਫਤ ਆਪ ਦੀ ਚਿੱਠੀ ਸਾਨੂੰ ਮਿਲ ਗਈ ਹੈ ਅਤੇ ਉਸਦਾ ਭਾਵ-ਅਰਥ ਸਮਝ ਕੇ ਸਾਨੂੰ ਖੁਸ਼ੀ ਹੋਈ ਹੈ। ਇਸ ਤੱਥ ਪੂਰਨ ਖਬਰ ਭੇਜਣ ਲਈ ਅਸੀਂ ਆਪ ਜੀ ਦਾ ਧੰਨਵਾਦ ਕਰਦੇ ਹਾਂ। ਪਰ ਭਾਰਤ ਵਰਸ਼ ਦੀ ਪ੍ਰਸਥਿਤੀ ਘਟਨਾਵਲੀ ਬਾਰੇ ਹੋਰ ਜਿਆਦਾ ਵੇਰਵੇ ਭਰਭੂਰ ਜਾਣਕਾਰੀ ਦੀ ਲੋੜ ਹੈ। ਗੁਰੂ ਗੋਬਿੰਦ ਸਿੰਘ ਜੀ ਤੇ ਗੁਰੂ ਨਾਨਕ ਦੇਵ ਜੀ ਦੀ ਭਵਿੱਖ ਬਾਣੀ ਬਾਰੇ ਸਾਨੂੰ ਜਾਣਕਾਰੀ ਮਿਲ ਗਈ ਹੈ। ਸਭ ਕੁਝ ਅਕਾਲ-ਪੁਰਖ ਦੀ ਇੱਛਿਆ ਅਨੁਸਾਰ ਹੀ ਹੋਵੇਗਾ। ਇਹ ਗੱਲ ਮਹਾਂਪੁਰਖ ਹੀ ਸਮਝ ਸਕਦੇ ਹਨ

(ਰੂਸੀ ਹਾਕਮਾਂ ਦੇ ਫਾਰਸੀ 'ਚ ਲਿਖੇ ਪੱਤਰ ਦਾ ਪੰਜਾਬੀ ਅਨੁਵਾਦ)



ਸ਼ਹੀਦੀ ਸਾਕਾ ਅੰਮ੍ਰਿਤਸਰ, ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰਤਾ, ਗਊ ਰੱਖਿਆ ਅਤੇ ਦੇਸ਼ ਦੀ ਆਜ਼ਾਦੀ ਲਈ ਪੰਜ ਨਾਮਧਾਰੀ ਸਿੰਘਾਂ ਨੇ ਆਪ ਗਲਾਂ ਵਿਚ ਰੱਸੇ ਪਾ ਕੇ ਰਾਮਬਾਗ ਬੋਹੜ ਨਾਲ ਸ਼ਹੀਦੀ ਪ੍ਰਾਪਤ ਕੀਤੀ। ਚਾਰ ਸਿੰਘ 15 ਸਿਤੰਬਰ 1871ਈ: ਨੂੰ ਸ਼ਹੀਦ ਹੋਏ। 1. ਸ਼ਹੀਦ ਲਹਿਣਾ ਸਿੰਘ ਪੰਨਵ 2. ਸ਼ਹੀਦ ਬੀਹਲਾ ਸਿੰਘ ਨਾਰਲੀ 3. ਸ਼ਹੀਦ ਹਾਕਮ ਸਿੰਘ -ਪਟਵਾਰੀ ਮੌੜੇ 4. ਸ਼ਹੀਦ ਫਤਹਿ ਸਿੰਘ ਅੰਮ੍ਰਿਤਸਰ। ਇਸ ਸਾਕੇ ਨਾਲ ਸਬੰਧਿਤ ਪੰਜਵੇਂ ਸਿੰਘ: ਸ਼ਹੀਦ ਝੰਡਾ ਸਿੰਘ ਨੂੰ 11 ਅਗਸਤ 1873ਈ: ਨੂੰ ਫਾਂਸੀ ਤੇ ਲਟਕਾ ਕੇ ਸ਼ਹੀਦ ਕੀਤਾ ਗਿਆ ਅਤੇ ਸਿਪਾਹੀ ਲਾਲ ਸਿੰਘ ਭਾਲੋਵਾਲ ਅਤੇ ਭਾਈ ਲਹਿਣਾ ਸਿੰਘ ਪੁੱਤਰ ਬਲਾਕਾ ਸਿੰਘ ਨੂੰ ਕਾਲੇਪਾਣੀ ਦੀ ਸਜ਼ਾ ਹੋਈ।

ਜੋ ਹੱਸ ਹੱਸ ਫਾਂਸੀ ਲਗ ਗਏ, ਹੋਏ ਸਿੰਘ ਸ਼ਹੀਦ। ਸਾਕਾ ਵਿੱਚ ਸੰਸਾਰ ਦੇ, ਰਹਿਸੀ ਜੁਗਾਂ ਤੀਕ॥

ਹਿੰਮਤ ਕਮਰ ਬਾਂਧ ਨਾਮਧਾਰੀ ਸਿੰਘੋਂ ਤਬ, ਬੁੱਚੜ ਬਿਦਾਰੇ ਹਤਿਯਾਰੇ ਬਹੁ ਥੌਰ ਪੈ॥
ਸੁਧਾਸਰ ਆਦਿ ਠੌਰ ਔਰ ਹਿੰਦੂ ਨਾਮੀ ਗ੍ਰਾਮੀ, ਅੰਗ੍ਰੇਜੋਂ ਗਹਿ ਕੈ ਦੁਖਿਆਰੇ ਕੀਨੇ ਗੌਰ ਪੈ॥
ਦੈਨ ਲਾਗੇ ਫਾਂਸੀ ਜਬਿ, ਆਏ ਖੁਦ ਕੂਕੇ ਤਬਿ, ਕਾਤਲ ਸਬੂਤ ਆਪ ਥੀਏ ਸਭਿ ਤੌਰ ਪੈ॥
ਖੁਸ਼ੀ ਹੋਇ ਦਏ ਸੀਸ ਗਏ ਈਸ ਲੋਕ ਮਾਹਿ, ਕੋਟਲੇ ਮਲੇਰ ਫੇਰ ਥਯੋ ਸਾਕਾ ਔਰ ਪੈ॥

-ਪੰਥ-ਪ੍ਰਕਾਸ਼, ਗਿਆਨੀ ਗਿਆਨ ਸਿੰਘ

ਕੂਕਾ ਅੰਦੋਲਨ ਦਾ ਇਤਿਹਾਸ ਅਜੇ ਤੱਕ ਲੋਕਾਂ ਦੇ ਸਾਮ੍ਹਣੇ ਨਹੀਂ ਆਇਆ। ਜੇ ਨਿੱਜੀ ਸੁਆਰਥ ਜਾਂ ਕਿਸੇ ਲੋਭ ਦੇ ਲਈ ਉਹਨਾਂ ਨੇ ਆਪਣੇ ਪ੍ਰਾਣ ਦਿੱਤੇ ਹੁੰਦੇ,ਤਾਂ ਅਸੀਂ ਲਾਪਰਵਾਹੀ ਕਰ ਸਕਦੇ ਸਾਂ ਪਰ ਉਹਨਾਂ ਦੀ ਤਾਂ ਮੂਰਖਤਾ ਵਿੱਚ ਵੀ ਦੇਸ਼-ਪਿਆਰ ਦਾ ਭਾਵ ਕੁੱਟ-ਕੁੱਟ ਕੇ ਭਰਿਆ ਹੋਇਆ ਸੀ। ਉਹ ਤਾਂ ਸਤਿ ਸ੍ਰੀ ਅਕਾਲ ਦੇ ਜੈਕਾਰੇ ਨਾਲ ਆਕਾਸ਼ ਪਾਤਾਲ ਨੂੰ ਗੂੰਜਾ ਕੇ ਹੱਸਦੇ ਹੱਸਦੇ ਤੋਪਾਂ ਦੇ ਮੂੰਹਾਂ ਸਾਮ੍ਹਣੇ ਆ ਖਲੋਂਦੇ ਸਨ। ਫਿਰ ਵੀ ਉਹਨਾਂ ਦੇ ਚਿਹਰਿਆਂ ਤੇ ਕਿਸੇ ਤਰ੍ਹਾਂ ਦੀ ਚਿੰਤਾ ਜਾਂ ਪਸ਼ਚਾਤਾਪ ਦਿਖਾਈ ਨਹੀਂ ਦਿੰਦਾ ਸੀ। ਸ਼ਾਇਦ ਇਕ ਅਸਫਲਤਾ ਤੋਂ ਬਿਨਾ ਉਹਨਾਂ ਦਾ ਹੋਰ ਕੋਈ ਅਪਰਾਧ ਨਹੀਂ ਸੀ। ਪਰ ਸੱਕਾਚ ਵਿਲੀਅਮ ਵਾਲੀਸ ਵੀ ਤਾ ਅਸਫਲ ਹੋਇਆ ਸੀ ਅਤੇ ਮੌਤ ਦੇ ਦੰਡ ਦਾ ਭਾਗੀ ਬਣਿਆ ਸੀ। ਉਹਦੀ ਤਾਂ ਪੂਰਾ ਇੰਗਲੈਂਡ ਪੂਜਾ ਕਰਦਾ ਹੈ। ਫਿਰ ਸਾਡੇ ਅਸਫਲ ਦੇਸ਼ ਭਗਤ ਹੀ ਕਿਉਂ ਭੁਲਾ ਕੇ ਡੂੰਘੇ ਹਨ੍ਹੇਰੇ ਵਿੱਚ ਸੁੱਟ ਦਿੱਤੇ ਜਾਂਦੇ ਹਨ।

ਅਸੀਂ ਸਮਝਦੇ ਹਾਂ ਕਿ ਸਾਡੇ ਲਈ,ਦੇਸ਼ ਦੇ ਲਈ ਨਿਸ਼ਕਾਮ ਭਾਵ ਨਾਲ ਮਰਨ ਵਾਲੇ ਲੋਕਾਂ ਨੂੰ ਭੁਲਾਉਣਾ ਬੜੀ ਹੀ ਵੱਡੀ ਅਕ੍ਰਿਤਘਣਤਾ ਹੋਵੇਗੀ। ਅਸੀਂ ਉਹਨਾਂ ਦੀ ਯਾਦ ਵਿੱਚ ਕੋਈ ਵੱਡਾ ਸਤੰਭ ਨਹੀਂ ਖੜਾ ਕਰ ਸਕਦੇ ਪਰ ਕੀ ਉਹਨਾਂ ਦੀ ਯਾਦ ਨੂੰ ਆਪਣੇ ਹਿਰਦੇ ਵਿੱਚ ਥਾਂ ਦੇਣੋਂ ਵੀ ਕਿਉਂ ਝਿਝਕੀਏ।

ਸ਼ਹੀਦ ਭਗਤ ਸਿੰਘ
(ਮਾਸਿਕ ਮਹਾਰਥੀ ਮਾਰਚ 1928)



5 ਅਗਸਤ 1871. ਸ਼ਹੀਦੀ ਸਾਕਾ ਰਾਇਕੋਟ
ਸ਼ਹੀਦ ਮੰਗਲ ਸਿੰਘ, ਸ਼ਹੀਦ ਮਸਤਾਨ ਸਿੰਘ, ਸ਼ਹੀਦ ਗੁਰਮੁਖ ਸਿੰਘ (ਪਿੰਡ ਪਿੱਥੋ- ਬਠਿੰਡਾ)



26 ਨਵੰਬਰ 1871
ਲੁਧਿਆਣਾ
ਸ਼ਹੀਦ ਸੰਤ ਰਤਨ ਸਿੰਘ,
ਪਿੰਡ ਨਾਈਵਾਲਾ
ਸ਼ਹੀਦ ਸੂਬਾ ਰਤਨ ਸਿੰਘ
ਉਰਫ (ਗਿਆਨਾ ਸਿੰਘ)
ਮੰਡੀ ਕਲਾਂ

ਜਾਂ ਗਿਆਨਾ ਸਿੰਘ ਤਖਤੇ ਪਰ ਚੜ੍ਹੇ ਤਾਂ ਬੋਲਾ ਕੀਤਾ "ਬਿੱਲਿਆ! ਮੂੰਹ ਤਾਂ ਸਾਹਮਣੇ ਰੱਖ ਜਵਾਈ ਵੰਨੇਂ। ਪਿੱਠ ਕਿਉਂ ਕੀਤੀ ਹੈ। ਦਸ ਮਹੀਨੇ ਕਿਸੇ ਜੱਟੀ ਦੀ ਕੁੱਖ ਵਿੱਚ ਕੱਟ ਕੇ ਫੇਰ ਆਇਆ ਜਾਣ। ਕੋਈ ਮਾਉਂ ਜਣੇਗੀ। ਨਵੇਂ ਚੋਲੇ ਪਾਇਕੇ ਜੁਆਨ ਹੋਇਕੇ ਫੇਰ ਸ੍ਰੀ ਸਾਹਿਬ ਫੜਾਂਗੇ, ਤੁਸਾਂ ਦੇ ਤੁਸਾਂ ਦੇ ਤਹਿਤ ਨੂੰ ਉਠਾਵਾਂਗੇ।"

(ਸਤਿਗੁਰੂ ਬਿਲਾਸ-। ਸੰਤ ਸੰਤੋਖ



13 ਜਨਵਰੀ 1872ਈ: ਅਕਾਲ ਬੁੰਗਾ, ਸ੍ਰੀ ਭੈਣੀ ਸਾਹਿਬ, ਸ਼ਹੀਦ ਹੀਰਾ ਸਿੰਘ ਜੀ ਕਿਰਪਾਨ ਨਾਲ ਲਕੀਰ ਖਿੱਚ ਕੇ ਸਿੰਘਾਂ ਨੂੰ ਸ਼ਹੀਦੀਆਂ ਦੇਣ ਲਈ ਵੰਗਾਰਦੇ ਹੋਏ।



੧੭-੧੯ ਜਨਵਰੀ ੧੮੭੨ ਸ਼ਹੀਦੀ ਸਾਕਾ ਮਲੇਰਕੋਟਲਾ, ੬੬ ਨਾਮਧਾਰੀ ਸ਼ਹੀਦਾਂ ਦੀ ਸ਼ਹੀਦੀ।

'ਆਮ ਮਸ਼ਹੂਰ ਹੈ ਕਿ (ਗੁਰੂ) ਰਾਮ ਸਿੰਘ ਦੀ ਜ਼ੁਬਾਨ ਵਿੱਚ ਜਾਦੂ ਦੀ ਤਾਕਤ ਸੀ। ਜਿਸ ਦੇ ਕੰਨ ਵਿਚ ਉਹ ਮੰਤਰ ਫੂਕ ਦੇਂਦਾ ਸੀ, ਉਹ ਉਸ ਦਾ ਚੇਲਾ ਬਣ ਜਾਂਦਾ ਸੀ। ਕੂਕਿਆਂ ਨੇ ਅੰਗਰੇਜ਼ੀ ਆਰਗੇਨਾਈਜ਼ੇਸ਼ਨ ਦੇ ਮੁਕਾਬਲੇ ਤੇ ਆਪਣੀ ਆਰਗੇਨਾਈਜ਼ੇਸ਼ਨ ਕਾਇਮ ਕੀਤੀ। ਸੰਮਤ (ਜਨਵਰੀ 1972ਈ:) ਵਿੱਚ ਮਲੇਰਕੋਟਲੇ ਵਿਖੇ ਲੜਾਈ ਹੋਈ। ਬਾਅਦ ਵਿਚ ਡਿਪਟੀ ਕਮਿਸ਼ਨਰ ਪਹੁੰਚਿਆ। ਉਸ ਨੇ ਸਭ ਕੂਕਿਆਂ ਨੂੰ ਤੋਪਾਂ ਨਾਲ ਉਡਾ ਦੇਣ ਦਾ ਹੁਕਮ ਦੇ ਦਿੱਤਾ। ਕੂਕੇ ਅੱਗੇ ਵਧ-ਵਧ ਕੇ ਤੋਪਾਂ ਸਾਹਮਣੇ ਉਡਦੇ ਸਨ। ਇੱਕ ਅੰਗਰੇਜ਼ ਜਿਸ ਨੇ ਆਪਣੀਆਂ ਅੱਖਾਂ ਨਾਲ ਇਹ ਨਜ਼ਾਰਾ ਵੇਖਿਆ ਸੀ ਉਹ ਕਹਿੰਦਾ ਹੈ ਕਿ "ਸਾਰਾ ਯੂਰਪ ਇੱਕ ਈਸਾ ਉੱਤੇ ਫ਼ਖ਼ਰ ਕਰਦਾ ਹੈ, ਮੈਂ ਅੱਜ ਕਈ ਈਸਾ ਕੁਰਬਾਨ ਹੁੰਦੇ ਵੇਖੇ।"

-ਭਾਈ ਪਰਮਾਨੰਦ, "ਤਾਰੀਖ਼-ਏ-ਹਿੰਦ" ਵਿਚੋਂ



ਅਮਰ ਸ਼ਹੀਦ ਬਿਸ਼ਨ ਸਿੰਘ

12 ਸਾਲ ਦਾ ਬਾਲਕ ਸ਼ਹੀਦ ਬਿਸ਼ਨ ਸਿੰਘ,ਡੀ.ਸੀ.ਕਾਵਨ ਦੀ ਦਾੜੀ ਨੂੰ ਜਾ ਝਪਟਿਆ। ਸਿਪਾਹੀਆਂ ਨੇ ਤਲਵਾਰ ਨਾਲ ਹੱਥ ਅਤੇ ਗਰਦਨ ਕੱਟ ਕੇ ਸ਼ਹੀਦ ਕਰ ਦਿੱਤਾ। (17 ਜਨਵਰੀ 1872 ਈ: ਸ਼ਹੀਦੀ ਸਾਕਾ ਮਲੇਰ ਕੋਟਲਾ)

"ਭਾਈ ਹੀਰਾ ਸਿੰਘ ਤੇ ਲਹਿਣਾ ਸਿੰਘ ਦੋਵੇਂ ਇਸ਼ਨਾਨ ਕਰਕੇ ਤੋਪ ਦੇ ਮੂਹਰੇ ਹੋਏ।ਬਿਲੇ (ਅੰਗਰੇਜ਼) ਨੇ ਨੀਚ ਕੋ ਕਹਾ ਕੇ ਇਨਕੋ ਰੱਸੇ ਪਾਇਕੇ ਅੱਗੇ ਖੜ੍ਹੇ ਕਰੋ,ਸਿੰਘਾਂ ਨੇ ਜਲਾਦ ਕੋ ਕਹਾ,ਕਿ ਪਰੇ ਹੋਇ ਜਾ,ਅਸੀਂ ਆਪ ਹੀ ਜਾਇ ਖੜੋਵਾਂਗੇ।ਅੱਗੇ ਜਾਇ ਖੜੇ ਹੋਇ ਹੱਲਾ ਕਰਕੇ।ਬਿੱਲੇ ਨੇ ਕਹਾ ਪੀਠ ਕਰੋ।ਸਿੰਘਾਂ ਬੋਲਾ ਕੀਤਾ ਪੀਠ ਨਹੀਂ ਕਰਾਂਗੇ,ਸਨਮੁੱਖ ਹੋਇ ਕੇ ਚੜਾਂਗੇ।ਸਾਹਮਣੇ ਛਾਤੀਆਂ ਡਾਹ ਕੇ ਖੜੇ ਹੋਏ ਹੌਂਸਲਿਆਂ ਵਾਲੇ ਸਿੰਘ।"

(ਅੰਗਰੇਜ਼ ਹਾਕਮ ਡੀ.ਸੀ.ਕਾਵਨ ਨੇ ਜਥੇ ਦੇ ਸਰਦਾਰ ਹੀਰਾ ਸਿੰਘ ਤੋਂ ਪੁੱਛਿਆ "ਤੁਸਾਂ ਗਦਰ ਕਿਉਂ ਮਚਾਇਆ ਹੈ।" ਸ੍ਰ. ਹੀਰਾ ਸਿੰਘ ਨੇ ਲਲਕਾਰ ਕੇ ਉਤਰ ਦਿੱਤਾ: "ਅਸੀਂ ਤੁਹਾਡਾ ਰਾਜ ਨਹੀਂ ਚਾਹੁੰਦੇ,ਆਪਣੇ ਭਰਾਵਾਂ ਦਾ ਰਾਜ ਚਾਹੁੰਦੇ ਹਾਂ,............ ਅਸੀਂ ਮੁੜ ਜੰਮਾਂਗੇ,ਆਪਣੇ ਹੱਥਾਂ ਵਿਚ ਤਲਵਾਰ ਲੈ,ਜੰਗ ਲੜਾਂਗੇ ਅਤੇ ਤੁਹਾਡਾ ਰਾਜ ਖਤਮ ਕਰਾਂਗੇ।")

(ਸ੍ਰ.ਸੰਤੋਖ ਸਿੰਘ ਸ਼ਾਹੋਵਾਲ-ਸਤਿਗੁਰੂ ਬਿਲਾਸ ਵਿੱਚ)

"ਮੇਰੀਆਂ 1872 ਦੀਆਂ ਯਾਦਾਂ ਅਪੂਰਨ ਰਹਿਣਗੀਆਂ,ਜੇ ਮੈਂ ਮਲੇਰਕੋਟਲੇ ਦੀ ਘਟਨਾ ਜਿਸਨੂੰ ਕਿ ਮੈਂ ਵਹਿਸ਼ੀਆਣਾ ਕਤਲੇਆਮ ਹੀ ਕਹਿ ਸਕਦਾ ਹਾਂ,ਦਾ ਜ਼ਿਕਰ ਨਾਂ ਕਰਾਂ............ ਮੈਨੂੰ ਪੂਰੀ ਤਰ੍ਹਾਂ ਯਾਦ ਹੈ ਕਿ ਮੇਰੀ ਭਾਰਤ ਵਿਚ ਨੌਕਰੀ ਦਰਮਿਆਨ,ਮੇਰੇ ਵਾਸਤੇ ਅਜੇਹੀ ਬਾਗੀਆਨਾ ਅਤੇ ਖੌਫਨਾਕ ਘਟਨਾ ਨਹੀਂ ਵਾਪਰੀ,ਜਿਨਾਂ ਕੇ ਇਹ ਮੌਤ ਦਾ ਦ੍ਰਿਸ਼ ਸੀ।"

(ਸਰ ਹੈਨਰੀ ਕਾਟਨ Indian and Home memories)

"ਇਹ ਸੱਚ ਹੈ ਕਿ ਕੂਕਿਆਂ ਲਈ ਅੰਗਰੇਜ਼ ਸਰਕਾਰ ਪ੍ਰਤੀ ਵਫਾਦਾਰ ਹੋਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ"

(ਲੁਧਿਆਣਾ-ਡਿਸਟ੍ਰਿਕਟ ਗਜ਼ਟੀਅਰ-੧੯੦੪)

ਉਨ ਹਿਤ ਹੁਕਮ ਅੰਗਰੇਜ਼ੀ ਆਯੋ।
ਇਨ ਕੋ ਤੋਪਨ ਸੰਗ ਉਡਾਯੋ।
ਜਬ ਇਹ ਹੁਕਮ ਉਨੈ ਸੁਨ ਪਾਯੋ।
ਖੁਸ਼ੀ ਭਏ ਅਤ ਹੀਯ ਹੁਲਸਾਯੋ।
ਦੀਵੇ ਪਰ ਜਿਉਂ ਆਇ ਪਤੰਗੇ।
ਤਯੋਂ ਤੋਪਨ ਦਿਸ ਜਾਇ ਨਿਸੰਗੇ।
ਉਡੇ ਖੁਸ਼ੀ ਹ੍ਵੈ ਹ੍ਵੈ ਕਰ ਸਾਰੇ।
ਜਰਾ ਨਾ ਕੀਨੇ ਪਰਾਨ ਪਯਾਰੇ॥
ਇਹ ਹਮ ਨੇ ਖੁਦ ਨੈਨ ਨਿਹਾਰੇ।
ਇਹੁ ਸਿੰਘਨ ਕੀ ਰੀਤੀ ਵਰ ਹੈਂ।।

ਗਿਆਨੀ ਗਿਆਨ ਸਿੰਘ " ਪੰਥ ਪ੍ਰਕਾਸ਼"

ਇਉਂ ਰੱਖ ਵਖਾਈ ਕੂਕਿਆਂ,ਕੁੱਲ ਆਲਮ ਜਾਣੇ।
ਸਭ ਤੋਪਾਂ ਹਿੱਕੀਂ ਝੱਲੀਆਂ,ਸਤਿਗੁਰ ਦੇ ਭਾਣੇ।
ਆਨ ਵਿਆਹੀ ਸੰਜੋਗਤਾ,ਵਿੰਹਦੇ ਰਹੇ ਰਾਣੇ।
ਜੋ ਸੀਸ ਤਲੀ ਤੇ ਰੱਖਦੇ,ਜੱਗ ਪਾਪ ਮਿਟਾਣੇ।
ਇਹ ਚਾਤਰ ਸਾਕੇ ਉਨ੍ਹਾਂ ਦੇ,ਨਾ ਹੋਣ ਪੁਰਾਣੇ।

ਸ੍ਰ.ਹਰਸਾ ਸਿੰਘ ਚਾਤਰ "ਕੂਕਿਆਂ ਦੀ ਵਾਰ ਵਿਚੋਂ"



ਤੁਰ ਚੱਲਿਆ ਪ੍ਰਦੇਸੀਂ ਪ੍ਰੀਤਮ, ਗਲ ਵਿੱਚ ਕੰਬਲੀ ਪਾ ਕੇ॥
ਕਹਿਰ ਵਿਛੋੜਾ ਜਰਨ ਨਾ ਹੋਸੀ, ਕੂਕਾਂਗੇ ਬਿਲ ਲਾਕੇ॥

ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਸੇਵਕ ਭਾਈ ਨਾਨੂੰ ਸਿੰਘ ਅਤੇ ਸੂਬਿਆਂ ਸਹਿਤ ਸ੍ਰੀ ਭੈਣੀ ਸਾਹਿਬ ਤੋਂ ਗੱਡੇ ਤੇ ਰਵਾਨਗੀ,17 ਜਨਵਰੀ 1872ਈ: (ਅੱਧੀ ਰਾਤ)- ਸੰਗਤਾਂ ਦਾ ਵਿਰਲਾਪ ।

ਦੋਸ਼ ਹੀਣ ਓਸ ਸਮੇਂ ਰਾਮ ਸਿੰਘ ਕੋ। ਰੰਗੂਨ ਭੇਜ ਦੀਓ ਅੰਗਰੇਜੈਂ ਖੂਬ ਸੋਚ ਫੇਰ ਕੇ॥

-"ਪੰਥ-ਪ੍ਰਕਾਸ਼" ਗਿਆਨੀ ਗਿਆਨ ਸਿੰਘ



ਸਤਿਗੁਰੂ ਰਾਮ ਸਿੰਘ ਜੀ
ਵਾਸਤੇ ਬਰਤਾਨਵੀ ਹਕੂਮਤ
ਵੱਲੋਂ ਜਾਰੀ ਕੀਤੇ ਜਲਾਵਤਨੀ ਵਾਰੰਟ,
9 ਮਾਰਚ 1872ਈ:




ਜਲਾਵਤਨੀ: ਕਲਕੱਤੇ ਤੋਂ ਰੰਗੂਨ, ਸਮੁੰਦਰੀ ਜਹਾਜ਼ ਰਾਹੀਂ ਰਵਾਨਗੀ।
11 ਮਾਰਚ 1872ਈ: ਸ਼ਾਮ 7 ਵਜੇ



ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ॥

1881ਈ: ਮਰਗੋਈ (ਬਰਮਾ) ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਰੂਸ ਸਰਕਾਰ ਦਾ ਵਾਪਸੀ ਸੰਦੇਸ਼ ਪੁਚਾਉਣ ਲਈ ਸ੍ਰ: ਮੀਹਾਂ ਸਿੰਘ 'ਸਰਿਹਾਲੀ' ਪਹਿਰੂਆਂ ਤੋਂ ਅੱਖ ਬਚਾ ਕੇ ਜੰਗਲਾ ਟੱਪਦੇ ਹੋਏ।




ਜਲਾਵਤਨੀ ਦੌਰਾਨ ਭੇਜੇ ਹੁਕਮਨਾਮਿਆਂ 'ਚੋਂ
ਸਤਿਗੁਰੂ ਰਾਮ ਸਿੰਘ ਜੀ ਦਾ
ਇੱਕ ਹਸਤ-ਲਿਖਤ ਹੁਕਮਨਾਮਾ

ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਹੇਠ ਨਾਮਧਾਰੀਆਂ ਵੱਲੋਂ ਆਰੰਭੀਆਂ ਅੰਗਰੇਜ ਵਿਰੋਧੀ ਸਰਗਰਮੀਆਂ ਤੋਂ ਭੈ-ਭੀਤ ਹੋਈ ਅੰਗਰੇਜ਼ੀ ਸਰਕਾਰ ਨੇ ਮਲੇਰਕੋਟਲੇ ਕਾਂਡ ਨੂੰ ਬਹਾਨਾ ਬਣਾ ਸਤਿਗੁਰੂ ਰਾਮ ਸਿੰਘ ਜੀ ਨੂੰ ਪ੍ਰਮੁੱਖ ਸੂਬਿਆਂ ਸਮੇਤ ਜਲਾਵਤਨ ਕਰ ਦਿੱਤਾ।ਅੰਗਰੇਜ਼ਾਂ ਨੂੰ ਡਰ ਸੀ ਕਿ ਉਹ ਕਿਸੇ ਸਮੇਂ ਵੀ ਉਹਨਾਂ ਦੀ ਹਕੂਮਤ ਦਾ ਤਖਤਾ ਪਲਟ ਸਕਦੇ ਹਨ।ਅੰਗਰੇਜੀ ਸਰਕਾਰ ਨੇ ਪੰਜਾਬ ਵਿਚਲੇ ਨਾਮਧਾਰੀ ਸਿੰਘਾਂ ਨਾਲ ਆਪ ਦਾ ਸੰਪਰਕ ਤੋੜਨ ਲਈ ਪੂਰੀ ਵਾਹ ਲਾਈ।ਪ੍ਰੰਤੂ ਅਨੇਕਾਂ ਗੁਰੂ ਦੇ ਪਿਆਰੇ ਸਿੰਘ ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਅਤੇ ਉਹਨਾਂ ਤੋਂ ਅਜ਼ਾਦੀ ਸੰਗ੍ਰਾਮ ਦੀ ਸੇਧ ਲੈਣ ਲਈ ਅਤੇ ਹੁਕਮਨਾਮੇ ਪ੍ਰਾਪਤ ਕਰਨ ਵਾਸਤੇ,ਭੇਸ ਬਦਲ ਕੇ,ਜ਼ਮੀਨ ਜਾਇਦਾਦਾਂ ਵੇਚ ਕੇ,ਭਾਰੀ ਕਸ਼ਟ ਝਲ ਕੇ ਪਹਿਲਾਂ ਰੰਗੂਨ ਅਤੇ ਫਿਰ ਮਰਗੋਈ ਟਾਪੂ ਵਿੱਚ ਵੀ ਪੁੱਜਦੇ ਰਹੇ।ਇਹਨਾਂ ਵਿੱਚੋਂ 96 ਸਿੰਘਾਂ ਦੀ ਜਾਣਕਾਰੀ ਇਤਿਹਾਸ ਵਿੱਚ ਮੌਜੂਦ ਹੈ।ਉਹਨਾਂ ਦੁਆਰਾ ਲਿਆਂਦੇ 65 ਹੁਕਮਨਾਮੇ ਨਾਮਧਾਰੀ ਦਰਬਾਰ ਵੱਲੋਂ ਪ੍ਰਕਾਸ਼ਤ ਕੀਤੇ ਗਏ ਹਨ।ਹੁਕਮਨਾਮਾ ਪ੍ਰਾਪਤ ਕਰਨ ਵਾਲੇ ਸਿੰਘਾਂ ਪਾਸੋਂ ਬਹੁਤ ਸਾਰੇ ਹੁਕਮਨਾਮੇ ਫੜੇ ਜਾਣ ਤੇ ਉਹਨਾਂ ਨੂੰ ਕੈਦ ਕੀਤਾ ਗਿਆ।ਹੁਕਮਨਾਮੇ ਖੋਹ ਲਏ ਗਏ।ਸਰਕਾਰੀ ਰਿਕਾਰਡ ਵਿੱਚ ਅੰਗਰੇਜ਼ੀ ਵਿੱਚ ਅਨੁਵਾਦਿਤ 34 ਹੁਕਮਨਾਮੇ ਪੂਰਨ ਜਾਂ ਅਪੂਰਨ ਰੂਪ ਵਿੱਚ ਵੀ ਮਿਲਦੇ ਹਨ।ਇਹਨਾਂ ਹੁਕਮਨਾਮਿਆਂ ਤੋਂ ਇਲਾਵਾ ਰੂਸੀ ਹਾਕਮਾਂ ਨਾਲ ਆਪ ਦਾ ਪੱਤਰ ਵਿਹਾਰ ਵੀ ਨਾਮਧਾਰੀ ਸਿੰਘਾਂ ਦੁਆਰਾ ਚੱਲਦਾ ਰਿਹਾ।ਇਹਨਾਂ ਹੁਕਮਨਾਮਿਆਂ ਵਿੱਚ ਦੇਸ਼ ਦੇ ਅਜ਼ਾਦੀ ਸੰਗਰਾਮ,ਸਿੱਖ ਰਹਿਤ ਮਰਯਾਦਾ,ਗੁਰਸਿੱਖੀ ਜੀਵਨ ਜਾਚ ਅਤੇ 19ਵੀਂ ਸਦੀ ਦੀ ਪੰਜਾਬੀ ਵਾਰਤਕ ਦੇ ਵਡਮੁੱਲੇ ਨਮੂਨੇ ਮਿਲਦੇ ਹਨ।ਕਿਉਂਕਿ ਅੰਗਰੇਜੀ ਸਰਕਾਰ ਦੀਆਂ ਸਖਤੀਆਂ ਦੇ ਬਾਵਜੂਦ,ਨਾਮਧਾਰੀਆਂ ਨੇ ਸਤਿਗੁਰੂ ਜੀ ਨਾਲ ਸੰਪਰਕ ਬਣਾਈ ਰੱਖਿਆ ਸੀ।ਇਸ ਲਈ ਸਰਕਾਰ ਨੂੰ ਸਤਿਗੁਰੂ ਜੀ ਨੂੰ ਮਰਗੋਈ ਟਾਪੂ ਤੋਂ ਵੀ ਹੋਰ ਦੁਰੇਡੇ ਟੇਬਲ ਆਈਲੈਂਡ ਵੱਲ ਕਿਸੇ ਗੁਪਤ ਜਗਾ ਤੇ ਗੁਪਤ ਰੂਪ ਵਿੱਚ ਲੈ ਜਾਣ ਦੀਆਂ ਯੋਜਨਾਵਾਂ 1885 ਈ: ਦੇ ਅਖੀਰ ਤੱਕ ਘੜਨੀਆਂ ਪਈਆਂ।

- ਕਾਮਰੇਡ ਸਵਰਨ ਸਿੰਘ ਵਿਰਕ

ਭਾਂਵੇਂ ਮੈਂ ਏਥੇ ਰਵਾਂ, ਜਾਂ ਜਾਵਾਂ ਪ੍ਰਦੇਸ। ਮਾਲੀ ਵਾਂਗਰ ਪਾਲ ਸਾਂ, ਇਹ ਧਰਮ ਦਾ ਖੇਤ॥





<u>ਅਲਾਹਾਬਾਦ ਦਾ ਕਿਲ੍ਹਾ</u>: ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਸੇਵਕ ਨਾਨੂੰ ਸਿੰਘ, ਸਰਦਾਰ ਮੰਗਲ ਸਿੰਘ ਗਰੇਵਾਲ ਅਤੇ ਦਸਾਂ ਸੂਬਿਆਂ ਸਮੇਤ 19 ਜਨਵਰੀ 1872ਈ: ਨੂੰ ਏਥੇ ਪੁੱਜੇ। ਸ੍ਰੀ ਸਤਿਗੁਰੂ ਜੀ ਸੇਵਕ ਨਾਨੂੰ ਸਿੰਘ ਸਮੇਤ 10 ਮਾਰਚ ਸਵੇਰੇ ਰੇਲ ਤੇ ਅਲਾਹਾਬਾਦ ਤੋਂ ਕਲਕੱਤੇ ਅਤੇ ਕਲਕੱਤੇ ਤੋਂ ਸਮੁੰਦਰੀ ਜਹਾਜ ਰਾਹੀਂ 11 ਮਾਰਚ ਨੂੰ ਚੱਲ ਕੇ 16 ਮਾਰਚ ਨੂੰ ਰੰਗੂਨ ਪਹੁੰਚੇ।



ਰੰਗੂਨ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਸੇਵਕ ਨਾਨੂੰ ਸਿੰਘ 16 ਮਾਰਚ 1872ਈ: ਤੋਂ 18 ਅਕਤੂਬਰ 1880ਈ: ਤੱਕ ਏਥੇ ਰਹੇ। ਪੰਜਾਬ ਵਿੱਚੋਂ ਕੂਕੇ ਸਿੰਘ ਇਸ ਸਮੇਂ ਦੌਰਾਨ ਭੇਸ ਬਦਲ ਕੇ, ਭਾਰੀ ਮੁਸ਼ਕਿਲਾਂ ਝੱਲ ਕੇ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਆਉਂਦੇ ਰਹੇ ਅਤੇ ਸੰਗਤ ਦੇ ਨਾਮ ਹੁਕਮਨਾਮੇ ਲੈ ਕੇ ਮੁੜਦੇ ਰਹੇ।

ਪੰਜਾਬ ਨਾਲੋਂ ਸਤਿਗੁਰੂ ਜੀ ਦਾ ਸੰਪਰਕ ਤੋੜਨ ਲਈ ਆਪ ਜੀ ਨੂੰ ਰੰਗੂਨ ਤੋਂ ਮਰਗੋਈ ਟਾਪੂ ਦੀ ਜੇਲ੍ਹ ਵਿੱਚ ਅਕਤੂਬਰ 1880ਈ: ਵਿੱਚ ਭੇਜ ਦਿੱਤਾ। ਬਾਵਜੂਦ ਬਹੁਤ ਸਖ਼ਤੀਆਂ ਦੇ 1881 ਵਿੱਚ ਨਾਮਧਾਰੀ ਸਿੰਘ ਇੱਥੇ ਵੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਪਹੁੰਚ ਗਏ।




ਮਰਗੋਈ ਦਾ ਕਿਲ੍ਹਾ



ਚੂਨਾਰ ਦਾ ਕਿਲਾ (ਉਤਰ ਪ੍ਰਦੇਸ਼)



ਅਸੀਰਗੜ ਦਾ ਕਿਲਾ (ਮਹਾਰਾਸਟਰ)



ਇਲਾਬਾਦ ਦਾ ਕਿਲਾ (ਉਤਰ ਪ੍ਰਦੇਸ਼)



ਹਜ਼ਾਰੀ ਬਾਗ ਦੀ ਜੇਲ਼ (ਝਾਰਖੰਡ)



ਕਾਲਾ ਪਾਣੀ ਅੰਡੇਮਾਨ ਦੀ ਜੇਲ਼



ਮੌਲਮੀਨ ਦੀ ਜੇਲ਼ (ਬਰਮਾ)

ਜਿੱਥੇ ਕੈਦ ਕੱਟੀ ਕੂਕੇ ਦੇਸ਼ ਭਗਤਾਂ

ਅਲਾਹਾਬਾਦ ਦਾ ਕਿਲਾ:ਸ੍ਰੀ ਸਤਿਗੁਰੂ ਰਾਮ ਸਿੰਘ ਜੀ,ਸੇਵਕ ਨਾਨੂੰ ਸਿੰਘ,ਸ.ਮੰਗਲ ਸਿੰਘ ਗਰੇਵਾਲ ਅਤੇ ਦਸਾਂ ਸੂਬਿਆਂ ਸਮੇਤ 19 ਜਨਵਰੀ 1872 ਈ.ਨੂੰ ਇੱਥੇ ਪੁੱਜੇ।ਸ੍ਰੀ ਸਤਿਗੁਰੂ ਜੀ ਸੇਵਕ ਨਾਨੂੰ ਸਿੰਘ ਸਮੇਤ 10 ਮਾਰਚ ਸਵੇਰੇ ਰੇਲ ਤੋਂ ਅਲਾਹਾਬਾਦ ਤੋਂ ਕਲਕੱਤੇ ਅਤੇ ਕਲਕੱਤੇ ਤੋਂ ਸਮੁੰਦਰੀ ਜਹਾਜ਼ ਰਾਹੀਂ 11 ਮਾਰਚ ਨੂੰ ਚੱਲ ਕੇ 16 ਮਾਰਚ ਨੂੰ ਰੰਗੂਨ ਪਹੁੰਚੇ।

ਰੰਗੂਨ:ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੇ ਸੇਵਕ ਨਾਨੂੰ ਸਿੰਘ 16 ਮਾਰਚ 1872 ਈ: ਤੋਂ 18 ਅਕਤੂਬਰ 1880 ਈ: ਤੱਕ ਇਥੇ ਰਹੇ।ਪੰਜਾਬ ਵਿਚੋਂ ਕੂਕੇ ਸਿੰਘ ਇਸ ਸਮੇਂ ਦੌਰਾਨ ਭੇਸ ਬਦਲ ਕੇ ਭਾਰੀ ਮੁਸ਼ਕਲਾਂ ਝੱਲ ਕੇ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਆਉਂਦੇ ਰਹੇ ਅਤੇ ਸੰਗਤ ਦੇ ਨਾਮ ਹੁਕਮਨਾਮੇ ਲੈ ਕੇ ਮੁੜਦੇ ਰਹੇ।ਪੰਜਾਬ ਨਾਲੋਂ ਸਤਿਗੁਰੂ ਜੀ ਦੇ ਸੰਪਰਕ ਤੋੜਣ ਲਈ ਆਪ ਜੀ ਨੂੰ ਇਥੋਂ ਮਰਗੋਈ ਟਾਪੂ ਦੀ ਜੇਲ੍ਹ ਵਿਚ ਭੇਜ ਦਿੱਤਾ।

ਅਦਨ (ਯਮਨ ਦੇਸ਼) ਦਾ ਕਿਲ੍ਹਾ :24 ਮਾਰਚ 1873 ਈ: ਸੂਬਾ ਕਾਹਨ ਸਿੰਘ ਤੇ ਸੂਬਾ ਸਾਹਿਬ ਸਿੰਘ ਜੀ ਇਥੇ ਪੁੱਜੇ ਅਪ੍ਰੈਲ 1875 ਤੱਕ ਰਹੇ।

ਹਜਾਰੀ ਬਾਗ ਜੇਲ ਸੂਬਾ ਕਾਹਨ ਸਿੰਘ ਨਿਹੰਗ ਅਤੇ ਸੂਬਾ ਸਾਹਿਬ ਸਿੰਘ ਅਪ੍ਰੈਲ 1875 ਨੂੰ ਇਸ ਜੇਲ੍ਹ ਵਿੱਚ ਪੁੱਜੇ।

ਮੌਲਮੀਨ ਜੇਲ੍ਹ(ਬਰਮਾਂ):ਸੂਬਾ ਜਵਾਹਰ ਸਿੰਘ,ਸੂਬਾ ਲੱਖਾ ਸਿੰਘ ਤੇ ਸੂਬਾ ਬ੍ਰਹਮਾ ਸਿੰਘ ਇਥੇ 30 ਦਸੰਬਰ 1872 ਈ:ਨੂੰ ਪੁੱਜੇ।

ਚੁਨਾਰ ਦਾ ਕਿਲ੍ਹਾ:ਸੂਬਾ ਮਾਨ ਸਿੰਘ,ਸੂਬਾ ਹੁਕਮਾ ਸਿੰਘ 1872 ਈ: ਤੋਂ ਹੀ ਇਸ ਜੇਲ੍ਹ ਵਿਚ ਕੈਦ ਸਨ।

ਅਸੀਰਗੜ੍ਹ:ਸੂਬਾ ਰੂੜ ਸਿੰਘ,ਮਲੂਕ ਸਿੰਘ ਤੇ ਪਹਾੜਾ ਸਿੰਘ 15 ਦਸੰਬਰ 1872 ਈ: ਤੋਂ ਇਥੇ ਕੈਦ ਸਨ।

ਮੁਲਤਾਨ(ਪਾਕਿਸਤਾਨ):ਬਾਬਾ ਗੁਰਚਰਨ ਸਿੰਘ,ਸੁਆਮੀ ਤਖਤ ਸਿੰਘ,ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ।

ਲਾਹੌਰ:ਦੀਵਾਨ ਬੂਟਾ ਸਿੰਘ,ਬਿਸ਼ਨ ਸਿੰਘ ਸੁਨਿਆਰਾ (30 ਅਗਸਤ 1871 ਨੂੰ ਫਾਂਸੀ) ਮਹਾਰਾਜ ਨਿਹਾਲ ਸਿੰਘ,ਸੰਤ ਨਿਧਾਨ ਸਿੰਘ ਆਲਿਮ।

ਬਹਾਦਰਗੜ੍ਹ (ਪਟਿਆਲਾ):ਬੀਬੀ ਇੰਦ ਕੌਰ,ਬੀਬੀ ਖੇਮ ਕੌਰ,ਮਾਈ ਅਤਰੀ,ਮਾਤਾ ਜੀਵਨ ਕੌਰ,ਮਾਤਾ ਫਤਿਹ ਕੌਰ।

ਕਾਲੇ ਪਾਣੀ:ਸ.ਲਹਿਣਾ ਸਿੰਘ,ਲਾਲ ਸਿੰਘ,ਭਗਵਾਨ ਸਿੰਘ,ਅਲਬੇਲ ਸਿੰਘ,ਗਿਆਨ ਸਿੰਘ,ਮਿਹਰ ਸਿੰਘ,ਧੌਂਕਲ ਸਿੰਘ

ਸਰਕਾਰੀ ਜਬਰ ਦਾ ਅਤਿ ਕਾਲਾ ਦੌਰ




ਸ੍ਰੀ ਸਤਿਗੁਰੂ ਹਰੀ ਸਿੰਘ ਜੀ ਜਿਨ੍ਹਾਂ ਨੇ ਅਤਿ-ਸਖਤੀਆਂ ਦੇ ਦੌਰ (੧੮੭੨-੧੯੦੬ਈ:) ਵਿੱਚ ਸਿੱਖੀ ਨੂੰ ਹਰੀ ਰੱਖਿਆ, ਆਜ਼ਾਦੀ ਦੀ ਸ਼ਮ੍ਹਾਂ ਨੂੰ ਜਗਦੀ ਰੱਖਿਆ

ਜਨਵਰੀ:1872 ਈ: ਨੂੰ ਸਤਿਗੁਰੂ ਰਾਮ ਸਿੰਘ ਅਤੇ ਮੁਖੀ ਸੂਬਿਆਂ ਦੀ ਜਲਾਵਤਨੀ ਨਾਲ ਸਰਕਾਰੀ ਪਾਬੰਦੀਆਂ,ਜਬਰ ਤੇ ਤਸ਼ੱਦਦ ਦਾ ਕਾਲਾ ਦੌਰ ਆਰੰਭ ਹੋ ਗਿਆ।ਸ੍ਰੀ ਭੈਣੀ ਸਾਹਿਬ ਵਿਚ ਡੇਰੇ ਦੀ ਤਲਾਸ਼ੀ ਪਿਛੋਂ ਪੁਲਿਸ ਦੀ ਚੌਂਕੀ ਬਿਠਾ ਦਿਤੀ ਗਈ (1923 ਈ: ਤੱਕ ਰਹੀ) ਇਸ ਦਮਨਕਾਰੀ ਨੀਤੀ ਦੀਆਂ ਕੁਝ ਦਰਦਨਾਕ ਝਾਕੀਆਂ ਸ੍ਰੀ ਭੈਣੀ ਸਾਹਿਬ ਦੇ ਮੁਖ ਸਥਾਨ ਉੱਤੇ ਤਾਂ ਵਰਤਣੀਆਂ ਹੀ ਸਨ ਪਰ ਬਾਹਰ ਪਿੰਡਾਂ ਵਿਚ ਜਿਥੇ ਕਿਤੇ ਵੀ ਨਾਮਧਾਰੀ ਸੰਗਤ ਵਸਦੀ ਸੀ,ਉਥੇ ਵੀ ਜਬਰ ਦੀ ਚੱਕੀ ਇਕਸਾਰ ਚਲਦੀ ਰਹੀ।ਜਿਲ੍ਹਾ ਅਫਸਰਾਂ ਵਲੋਂ ਜੈਲਦਾਰਾਂ,ਸਫੈਦ ਪੋਸ਼ਾਂ ਅਤੇ ਨੰਬਰਦਾਰਾਂ ਨੂੰ ਸਖਤ ਹਦਾਇਤ ਦਿੱਤੀ ਸੀ ਕਿ ਕੂਕੇ ਨਾ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰ ਸਕਣ ਅਤੇ ਨਾ ਹੀ ਦੀਵਾਨ ਲਗਾ ਸਕਣ ਅਤੇ ਨਾ ਹੀ ਪੰਜ ਤੋਂ ਵੱਧ ਇਕੱਠੇ ਹੋਣ।ਪ੍ਰਮੁੱਖ ਕੂਕਿਆਂ ਅਥਵਾ ਉਹਨਾਂ ਦੇ ਆਗੂਆਂ ਦੀਆਂ ਸੂਚੀਆਂ ਤਿਆਰ ਕੀਤੀਆਂ ਗਈਆਂ ਤਾਂ ਜੋ ਉਨ੍ਹਾਂ ਉੱਤੇ ਸਖਤ ਨਿਗਰਾਨੀ ਰੱਖੀ ਜਾਵੇ।ਸਤਿਗੁਰੂ ਰਾਮ ਸਿੰਘ ਜੀ ਦੇ ਦੇਸ਼ ਨਿਕਾਲੇ ਤੋਂ 8 ਸਾਲ ਪਿਛੋਂ ਇਹ ਸੂਚੀ ਇਸ ਲਈ ਤਿਆਰ ਕਰਨੀ ਪਈ ਸੀ ਕਿਉਂ ਜੋ ਪੰਜਾਬ ਵਿਚ ਕੂਕਾ ਲਹਿਰ ਹਾਲੀਂ ਵੀ ਪੂਰੀ ਤਰ੍ਹਾਂ ਸਰਗਰਮ ਸੀ।ਪਰ ਨਾਮਧਾਰੀ ਸਿੰਘਾਂ ਦਾ ਸਿਦਕ ਅਡੋਲ ਰਿਹਾ।ਅੰਗ੍ਰੇਜ਼ੀ ਸਰਕਾਰ ਦਾ ਮਨੋਰਥ ਨਾ ਕੇਵਲ ਕੂਕਾ ਲਹਿਰ ਨੂੰ ਦਬੌਣਾ ਹੀ ਸੀ ਸਗੋਂ ਆਮ ਜਨਤਾ ਉੱਤੇ ਸਰਕਾਰੀ ਦਹਿਸ਼ਤ ਰਾਹੀਂ ਅਜਿਹਾ ਪ੍ਰਭਾਵ ਪਾਉਣਾ ਸੀ ਕਿ ਕੋਈ ਵੀ ਲਹਿਰ ਵਿਦੇਸ਼ੀ ਗੁਲਾਮੀਂ ਵਿਰੁਧ ਅਵਾਜ਼ ਨਾ ਉਠਾ

(ਪ੍ਰੋ:ਕਿਰਪਾਲ ਸਿੰਘ ਕਸੇਲ "ਤਵਾਰੀਖ ਸੰਤ ਖਾਲਸਾ" ਭਾਗ ਪਹਿਲਾ)



ਜਨਵਰੀ 1872 ਤੋਂ ਮਈ 1923ਈ: ਤੱਕ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿਖੇ
ਅੰਗਰੇਜ਼ੀ ਸਰਕਾਰ ਵੱਲੋਂ ਸਥਾਪਿਤ ਪੁਲਿਸ ਚੌਂਕੀ।



ਸੁਣ ਕੇ ਗੁਰ ਲੰਗਰ ਦੀ ਸੋਭਾ, ਬਿੱਲਾ ਦਵੇ ਜਗੀਰਾਂ।
ਦੇਸ਼ ਅਸਾਡਾ, ਧਰਤੀ ਸਾਡੀ, ਤੁਰ ਜਾ ਘੱਤ ਵਹੀਰਾਂ।

ਸੰਨ 1899ਈ: ਦੇ ਬਾਗੜ (ਰਾਜਸਥਾਨ) ਦੇ ਭਿਆਨਕ ਕਾਲ ਸਮੇਂ ਲੋੜਵੰਦਾਂ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਲਗਾਤਾਰ ਲੰਗਰ ਮਿਲਦਾ ਰਿਹਾ। ਅੰਗਰੇਜ਼ ਡਿਪਟੀ ਕਮਿਸ਼ਨਰ ਵੱਲੋਂ ਲੰਗਰ ਵਾਸਤੇ 2500 ਏਕੜ ਜਮੀਨ ਦੀ ਪੇਸ਼ਕਸ਼ ਕਰਨ ਤੇ ਸਤਿਗੁਰੂ ਹਰੀ ਸਿੰਘ ਜੀ ਨੇ ਉੱਤਰ ਦਿੱਤਾ "2500 ਏਕੜ ਲੈ ਕੇ ਅਸੀਂ ਮੰਨ ਲਈਏ ਕਿ ਬਾਕੀ ਭਾਰਤ ਤੁਹਾਡਾ ਹੈ, ਜਦੋਂ ਲਵਾਂਗੇ, ਸਾਰਾ ਦੇਸ਼ ਹੀ ਲਵਾਂਗੇ"।

ਸਤਿਗੁਰ ਹਰੀ ਸਿੰਘ ਨੇ,
ਗੁਰੂ ਰਾਮ ਦੇ ਧਾਮ।
ਸਦਾ-ਵਰਤ ਚਲਾਇਆ,
ਲੰਗਰ ਅਤਿ-ਮਹਾਨ।
ਸਭ ਨੂੰ ਅੰਨ ਮਿਲਦਾ ਰਿਹਾ,
ਬਾਕੀ ਕੁੱਲ ਸਮਿਆਨ।
ਮਹਿਮਾ ਇਸ ਗੁਰਧਾਮ ਦੀ,
ਜਗ ਵਿਚ ਫੈਲੀ ਆਣ।
ਗੋਰਾ ਹਾਕਮ ਆਇਆ,
'ਬਾਬਾ ਜੀ! ਕਰੋ ਫੁਰਮਾਨ।
ਮੁਰੱਬੇ ਲਉ ਸਰਕਾਰ ਤੋਂ,
ਤੁਸਾਂ ਕੀਤਾ ਕੰਮ ਮਹਾਨ।
ਸਤਿਗੁਰ ਨੀਤੀਵਾਨ ਨੇ,
ਦਿੱਤਾ ਤੁਰੰਤ ਜਵਾਬ:

'ਇਹ ਤਾਂ ਲੰਗਰ ਗੁਰੂ ਦਾ,
ਵਰਤਿਆ ਆਪ ਕਰਤਾਰ।
ਇਹ ਹੈ ਦੇਸ਼ ਅਸਾਡੜਾ,
ਸਾਡੀ ਭੋਏਂ ਜ਼ਮੀਨ।
ਕਿੱਥੋਂ ਦੇ ਦਾਨੀ ਤੁਸੀਂ,
ਸਾਨੂੰ ਕਰੋ ਅਧੀਨ।
ਸਤਿਗੁਰੂ ਸੱਚੇ ਬਖਸ਼ਿਆ,
ਸੁਤੰਤਰਤਾ ਦਾ ਗਿਆਨ।
ਇਸੇ ਖਾਤਰ ਜੀਉਂਦੇ,
ਕਰਦੇ ਹਾਂ ਬਲੀਦਾਨ।
ਧਰਮ ਨੇਮ ਹੈ ਅਸਾਂ ਦਾ,
ਹੋਵੇ ਦੇਸ਼ ਆਜ਼ਾਦ।
ਖੁਸ਼ੀਆਂ ਮਾਨਣ ਲੋਕ ਸਭ,
ਇਕ ਦੂਜੇ ਨਾਲ ਪਿਆਰ।'

ਪ੍ਰੋ:ਕਿਰਪਾਲ ਸਿੰਘ ਕਸੇਲ "ਜੈਸਾ ਸਤਿਗੁਰ ਸੁਣੀਦਾ"



17 ਫਰਵਰੀ 1939, ਲੁਧਿਆਣਾ-ਰਿਆਸਤੀ
ਪਰਜਾ ਮੰਡਲ ਕਾਨਫਰੰਸ ਦੇ ਜਲੂਸ ਦੀ ਅਗਵਾਈ
ਕਰਦੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ
ਅਤੇ ਪੰ: ਜਵਾਹਰ ਲਾਲ ਨਹਿਰ



17 ਫਰਵਰੀ 1939, ਕੂਕਾ ਕੇਂਦਰ ਸ੍ਰੀ ਭੈਣੀ ਸਾਹਿਬ

ਸੱਜਿਓ: ਡਾ. ਸੈਫੂਦੀਨ ਕਿਚਲੂ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ,
ਮਾਸਟਰ ਤਾਰਾ ਸਿੰਘ, ਮੌਲਾਨਾ ਹਬੀਬੁਲ ਰਹਿਮਾਨ
ਅਤੇ ਪੰ: ਜਵਾਹਰ ਲਾਲ ਨਹਿਰੂ

20ਵੀਂ ਸਦੀ ਦੇ ਅਜ਼ਾਦੀ ਸੰਘਰਸ਼ ਵਿੱਚ ਨਾਮਧਾਰੀ ਲਹਿਰ ਦਾ ਯੋਗਦਾਨ

ਸਤਿਗੁਰੂ ਹਰੀ ਸਿੰਘ ਜੀ ਨੇ ਅਤਿ ਸੰਕਟ ਦੇ ਸਮੇਂ ਸਿੱਖੀ ਫੁਲਵਾੜੀ ਨੂੰ ਹਰੀ ਰੱਖਿਆ ਅਤੇ ਅਜ਼ਾਦੀ ਦੀ ਜੋਤ ਨੂੰ ਜਗਦੀ ਰੱਖਿਆ। ਆਪ ਜੀ ਦੇ ਬ੍ਰਹਮਲੀਨ ਹੋਣ ਉਪਰੰਤ ਸੰਨ 1906 ਈ. ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾਮਧਾਰੀ ਸਿੱਖ ਪੰਥ ਦੀ ਵਾਗ-ਡੋਰ ਸੰਭਾਲੀ। 20ਵੀਂ ਸਦੀ ਦੇ ਪਹਿਲੇ ਦਹਾਕੇ 1907 ਈ. ਪੰਜਾਬ ਵਿੱਚ 'ਪਗੜੀ ਸੰਭਾਲ ਜੱਟਾ' ਕਿਸਾਨ ਅੰਦੋਲਨ ਤੋਂ ਸ਼ੁਰੂ ਹੋ ਕੇ ਗਦਰ ਲਹਿਰ,ਸ਼ਹੀਦ ਭਗਤ ਸਿੰਘ ਦੀ ਅਗਵਾਈ ਵਿੱਚ ਭਾਰਤ ਨੌਜੁਆਨ ਸਭਾ, ਬੱਬਰ ਲਹਿਰ, ਕਾਂਗਰਸ ਦੀ ਅਗਵਾਈ ਵਿੱਚ ਨਾ-ਮਿਲਵਰਤਨ ਅਤੇ ਸਵਦੇਸ਼ੀ ਲਹਿਰ, ਸ੍ਰੀ ਸੁਭਾਸ਼ ਚੰਦਰ ਬੋਸ ਦੀ ਅਗਵਾਈ ਵਿੱਚ ਅਜ਼ਾਦ ਹਿੰਦ ਫੌਜ ਅਤੇ ਰਿਆਸਤੀ ਪਰਜਾ-ਮੰਡਲ ਆਦਿ ਅਨੇਕਾਂ ਲਹਿਰਾਂ, ਕੂਕਾ ਅੰਦੋਲਨ ਦੀਆਂ ਪੈੜਾਂ ਤੇ ਚਲਦਿਆਂ ਬਰਤਾਨਵੀ ਸਾਮਰਾਜ ਦੇ ਵਿਰੋਧ ਵਿੱਚ ਉਠ ਖੜੀਆਂ ਹੋਈਆਂ। ਇਹ ਦੌਰ ਬਰਤਾਨਵੀ ਸਾਮਰਾਜ ਦੇ ਤਿੱਖੇ ਵਿਰੋਧ ਅਤੇ ਵਿਸ਼ਵ ਵਿਆਪੀ ਬਸਤੀਵਾਦੀ ਪ੍ਰਬੰਧ ਦੇ ਢਹਿ ਢੇਰੀ ਹੋਣ ਦਾ ਦੌਰ ਸੀ। ਇਸ ਸਮੇਂ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦੇਸ਼ ਦੀ ਅਜ਼ਾਦੀ ਲਈ ਸੰਘਰਸ਼-ਸ਼ੀਲ ਸਭ ਜਥੇਬੰਦੀਆਂ ਦੇ ਮੋਢੇ ਨਾਲ ਮੋਢਾ ਜੋੜਕੇ ਹਰ ਤਰਾਂ ਦਾ ਸਹਿਯੋਗ ਦਿੱਤਾ ਅਤੇ ਸਮੇਂ ਸਮੇਂ ਅਗਵਾਈ ਵੀ ਕੀਤੀ। ਸਮੂਹ ਦੇਸ਼ ਵਾਸੀਆਂ ਦੇ ਸਾਂਝੇ ਯਤਨਾ ਸਦਕਾ ਸਤਿਗੁਰੂ ਰਾਮ ਸਿੰਘ ਜੀ ਦੁਆਰਾ 12 ਅਪ੍ਰੈਲ 1857 ਨੂੰ ਆਰੰਭਿਆ ਸੁਤੰਤਰਤਾ ਸੰਗਰਾਮ ਸਫਲ ਹੋਇਆ ਅਤੇ ਸਿੱਟੇ ਵਜੋਂ 15 ਅਗਸਤ 1947 ਨੂੰ ਭਾਰਤ ਵਰਸ਼ ਅਜ਼ਾਦ ਹੋ ਗਿਆ। ਪਰ ਇਸ ਦੇ ਨਾਲ ਹੀ ਇੱਕ ਦੁੱਖ-ਦਾਈ ਘਟਨਾ ਵਾਪਰੀ ਕਿ ਇਹ ਦੇਸ਼ ਦੋ ਟੁਕੜਿਆਂ ਵਿੱਚ ਵੰਡਿਆ ਗਿਆ। ਲੱਖਾਂ ਦੀ ਗਿਣਤੀ ਵਿੱਚ ਲੋਕ ਘਰੋਂ ਬੇ-ਘਰ ਹੋ ਗਏ। ਸੰਪਰਦਾਇਕ ਦੰਗੇ ਹੋਏ। ਇਸ ਸਮੇਂ ਵਿਚ ਵੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵਰ੍ਹਦੀਆਂ ਗੋਲੀਆਂ ਵਿੱਚੋਂ ਵੀ ਅਨੇਕਾ ਲੋਕਾਂ ਨੂੰ ਕੱਢ ਕੇ ਲਿਆਂਦਾ।ਦਿਨ ਰਾਤ ਇਕ ਕਰਕੇ ਆਪ ਜੀ ਨੇ ਅਤੇ ਆਪ ਜੀ ਦੇ ਵੱਡੇ ਸਾਹਿਬਜ਼ਾਦੇ (ਸਤਿਗੁਰੂ ਜਗਜੀਤ ਸਿੰਘ ਜੀ) ਨੇ ਉਹਨਾਂ ਦੇ ਮੁੜ ਵਸੇਬੇ ਦਾ ਪ੍ਰਬੰਧ ਕੀਤਾ। ਪਰ ਇਸ ਸਮੇਂ ਵਿੱਚ ਵੀ ਆਪ ਜੀ ਦੇ ਹੁਕਮ ਅਨੁਸਾਰ ਮੁਸਲਮਾਨ ਕਾਫਲਿਆਂ ਦੀ ਨਾਮਧਾਰੀ ਸੰਗਤ ਵੱਲੋਂ ਲੰਗਰ ਪਾਣੀ ਦੀ ਸੇਵਾ ਹੁੰਦੀ ਰਹੀ। ਕਿਸੇ ਵੀ ਨਾਮਧਾਰੀ ਨੇ ਕਿਸੇ ਇਕ ਵੀ ਮੁਸਲਮਾਨ ਦਾ ਜਾਨੀ-ਮਾਲੀ ਨੁਕਸਾਨ ਨਹੀ ਕੀਤਾ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਾਰਾ ਜੀਵਨ ਹੀ ਸੰਘਰਸ਼-ਮਈ ਗੁਜ਼ਰਿਆ। ਪਹਿਲੋਂ ਦੇਸ਼ ਦੀ ਅਜ਼ਾਦੀ ਲਈ ਸੰਘਰਸ਼, ਫੇਰ ਦੇਸ਼ ਦੀ ਵੰਡ ਸਮੇਂ ਮੁੜ ਵਸੇਬੇ ਲਈ ਸੰਘਰਸ਼ ਕਰਦਿਆਂ ਹੀ ਆਪ ਜੀ ਅਗਸਤ 1959 ਵਿਚ ਜੋਤੀ-ਜੋਤ ਸਮਾਂ ਗਏ।

'ਭਾਰਤ ਦਾ ਇਤਿਹਾਸ' ਨਾਮੀ ਪੁਸਤਕ ਵਿੱਚ ਪ੍ਰਸਿੱਧ ਇਤਿਹਾਸਕਾਰ ਜੀ.ਐਸ ਛਾਬੜਾ ਲਿਖਦੇ ਹਨ: "ਪਹਿਲੀ ਸੰਸਾਰ ਜੰਗ ਦੌਰਾਨ ਅੰਗਰੇਜ ਸਰਕਾਰ ਨੇ ਕੂਕਿਆਂ ਨੂੰ ਜਮੀਨ-ਜਾਇਦਾਦ ਅਤੇ ਹੋਰ ਕਈ ਤਰਾਂ ਦੇ ਲਾਲਚ ਦੇ ਕੇ ਆਪਣੇ ਹੱਕ ਵਿਚ ਕਰਨ ਦਾ ਯਤਨ ਕੀਤਾ ਪਰ ਅਸਫਲ ਰਹੇ। ਅਖੀਰ ਸਰਕਾਰ ਨੇ ਕੂਕਿਆ ਪ੍ਰਤੀ ਸਖ਼ਤੀ ਦਾ ਹਥਿਆਰ ਹੀ ਵਰਤਿਆ।"





ਆਗਰਾ ਜੇਲ੍ਹ ਤੋਂ ਰਿਹਾ ਹੋਣ ਉਪਰੰਤ ਦੇਸ਼-ਭਗਤ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ (1946ਈ:)

ਅਸਾਂ ਹਿੰਦ ਵਿੱਚ ਗ਼ਦਰ ਮਚਾਉਣਾ, ਕੱਢਣਾ ਫਿਰੰਗੀਆਂ ਨੂੰ' (ਹੋਲਾ-ਮਹੱਲਾ, ਸ੍ਰੀ ਭੈਣੀ ਸਾਹਿਬ, 1943ਈ:)

"ਗੁਰੂ ਰਾਮ ਸਿੰਘ ਜੀ ਕੇ ਫਰਹਾਏ ਹੁਏ ਆਜ਼ਾਦੀ ਕੇ 'ਝੰਡੇ ਨੀਚੇ ਨਾਮਧਾਰੀ ਕੂਕੋਂ ਨੇ ਜੋ ਕੁਰਬਾਨੀਆਂ ਕੀ ਹੈਂ ਉਨ ਪਰ ਦੇਸ਼ ਸਦਾ ਗਰਵ ਕਰੇਗਾ। ਅਬ ਫਿਰ ਭਾਰਤੀਓ ਕੇ ਦੇਸ਼-ਪ੍ਰੇਮ ਕੀ ਪ੍ਰੀਕਸ਼ਾ ਹੋਨੇ ਵਾਲੀ ਹੈ।ਪੌਣੀ ਸਦੀ ਸੇ ਅਹਿੰਸਾਤਮਕ ਅ-ਸਹਿਯੋਗ ਅੰਦੋਲਨ ਕਾ ਅਨੁਭਵ ਰਖਨੇ ਵਾਲੇ ਨਾਮਧਾਰੀ ਵੀਰ ਕੂਕੋਂ ਸੇ ਯਹੀ ਆਸ਼ਾ ਹੈ ਕਿ ਵਹ ਸੁਤੰਤਰਤਾ ਕਾ ਝੰਡਾ ਉਠਾ ਕਰ ਆਗੇ-ਆਗੇ ਬੜਤੇ ਦਿਖਾਈ ਦੇਤੇ ਰਹੇਂਗੇ ਔਰ ਦੂਸਰੇ ਦੇਸ਼-ਵਾਸੀਓਂ ਕੋ ਭੀ ਬਲੀਦਾਨ ਕੇ ਲੀਏ ਉਤਸ਼ਾਹਿਤ ਕਰਤੇ ਰਹੇਂਗੇ। ਗੁਰੂ ਰਾਮ ਸਿੰਘ ਜੀ ਭਾਰਤ ਮੇਂ ਅਹਿੰਸਾਤਮਕ ਅ-ਸਹਿਯੋਗ ਕੇ ਸਰਵ-ਪ੍ਰਥਮ ਨੇਤਾ ਰਹੇ"।

-ਨੇਤਾ ਜੀ ਸੁਭਾਸ਼ ਚੰਦਰ ਬੋਸ



1946ਈ: ਲਾਹੌਰ, ਆਜ਼ਾਦ ਹਿੰਦ ਫੌਜ ਦੇ ਜਰਨੈਲਾਂ ਦਾ ਲਾਲ ਕਿਲੇ (ਦਿੱਲੀ) ਵਿਖੇ ਚੱਲੇ ਮੁਕਦਮੇਂ ਵਿਚੋਂ ਬਰੀ ਹੋਣ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਵੱਲੋਂ ਨਿੱਘਾ ਸੁਆਗਤ।



ਸਤਿਗੁਰ ਜੀ ਦੀ ਉੱਚੀ ਕਰਨੀ ਉੱਤਮ ਰਹਿਣੀ-ਬਹਿਣੀ, ਖੋਜਕਾਰਾਂ ਨੇ ਕੁੱਲ ਪੱਖਾਂ ਦੀ ਸਿੱਖਿਆ ਏਥੇ ਲੈਣੀ।



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਨਾਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਮ੍ਰਿੰਤਸਰ ਵਿਖੇ
22 ਨਵੰਬਰ 1999ਈ: ਨੂੰ ਪੰਜਾਬ ਸਰਕਾਰ ਵੱਲੋਂ ਸਤਿਗੁਰੂ ਰਾਮ ਸਿੰਘ ਚੇਅਰ ਦੀ ਸਥਾਪਨਾ।



ਨਾਮਧਾਰੀ ਸ਼ਹੀਦੀ ਸਮਾਰਕ ਮਲੇਰਕੋਟਲਾ ਵਿਖੇ ਸ੍ਰੀ ਅਟਲ ਬਿਹਾਰੀ ਵਾਜਪਾਈ (ਪੂਰਵ ਪ੍ਰਧਾਨ ਮੰਤਰੀ) ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਆਸ਼ਰੀਵਾਦ ਪ੍ਰਾਪਤ ਕਰਦੇ ਹੋਏ।



ਸਤਿਗੁਰੂ ਰਾਮ ਸਿੰਘ ਜੀ ਨੇ ਕਈ ਕਾਮ ਏਕ ਸਾਥ ਹਾਥ ਮੇਂ ਲੀਏ।ਸਮਾਜ ਕੇ ਸੁਧਾਰ ਪਰ ਬਲ ਦੀਆ।ਧਾਰਮਿਕ ਭਾਵਨਾ ਜਾਗ੍ਰਿਤ ਕੀ,ਔਰ ਰਾਜਨੈਤਿਕ ਚੇਤਨਾ ਫੂਕੀ।ਸਤਿਗੁਰੂ ਜੀ ਨੇ ਭਵਿਸ਼ਯ ਕੇ ਪਰਦੇ ਕੋ ਚੀਰ ਕਰ ਦੇਖ ਲੀਆ ਥਾ ਕਿ ਜੋ ਤਾਕਤ ਸਾਤ ਸਮੁੰਦ੍ਰ ਪਾਰ ਸੇ ਆਈ ਹੈ ਉਸਸੇ ਲੜਨਾ ਹੋਗਾ,ਦੇਸ਼ ਕੋ ਬਲਿਦਾਨ ਕੇ ਲੀਏ ਤੈਆਰ ਕਰਨਾ ਹੋਗਾ।ਗਾਂਧੀ ਜੀ ਕਾ ਸਤਿਆਗ੍ਰਹਿ,ਬਹਿਸ਼ਕਾਰ ਬਹੁਤ ਬਾਦ ਮੇਂ ਹੂਆ।ਔਰ ਸਤਿਗੁਰੂ ਜੀ ਕਾ ਸੰਦੇਸ਼ ਹਮ ਸਾਰੇ ਵਿਸ਼ਵ ਮੇਂ ਲੇਕਰ ਜਾਏਂਗੇ।

ਸ੍ਰੀ ਅਟਲ ਬਿਹਾਰੀ ਵਾਜਪਾਈ (ਪੂਰਵ ਪ੍ਰਧਾਨ ਮੰਤਰੀ)




ਅਗਸਤ 2000 ਈ. U.N.O (ਅਮਰੀਕਾ ਵਿਖੇ, ਮਿਲੇਨੀਅਮ ਪੀਸ ਸਮਿਟ) ਦੌਰਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
ਤੋਂ ਅਸ਼ੀਰਵਾਦ ਪ੍ਰਾਪਤ ਕਰਦੇ ਹੋਏ ਸ੍ਰੀ ਨਰਿੰਦਰ ਮੋਦੀ ਜੀ (ਮੌਜੂਦਾ ਪ੍ਰਧਾਨ ਮੰਤਰੀ) ਅਤੇ ਸ੍ਰੀ ਅਸ਼ੋਕ ਸਿੰਗਾਲ ਜੀ (ਪ੍ਰਧਾਨ ਵਿਸ਼ਵ ਹਿੰਦੂ ਪ੍ਰੀਸ਼ਦ)




ਅਗਸਤ 2000 ਈ. U.N.O (ਅਮਰੀਕਾ ਵਿਖੇ, ਮਿਲੇਨੀਅਮ ਪੀਸ ਸਮਿਟ) ਦੌਰਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ
ਪ੍ਰਮੁੱਖ ਸ਼ਖਸ਼ੀਅਤਾਂ ਵਿੱਚ ਸ੍ਰੀ ਨਰਿੰਦਰ ਮੋਦੀ ਜੀ


ਸਤਿਗੁਰ, ਸਾਡੇ ਬੰਧਨ ਕੱਟੇ, ਤੇਰੇ ਵਡ ਉਪਕਾਰਾਂ।
ਰਾਮ ਨਾਮ ਦੇ ਸਿੱਕੇ, ਤਾਹੀਓਂ ਢਾਲ ਰਹੀਆਂ ਸਰਕਾਰਾਂ॥




ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ-ਛਾਇਆ ਹੇਠ ਨਾਮਧਾਰੀ ਸੰਤ ਖਾਲਸੇ ਦੀ ਸਾਜਨਾ ਦੇ 150ਵੇਂ ਵਰ੍ਹੇ (1857-2007ਈ:
ਭਾਰਤ ਸਰਕਾਰ ਵੱਲੋਂ ਸਤਿਗੁਰੂ ਰਾਮ ਸਿੰਘ ਜੀ ਦੀ ਤਸਵੀਰ ਵਾਲੇ 100 ਰੁ: ਅਤੇ 5000 ਰੁ: ਦੇ ਯਾਦਗਾਰੀ ਸਿੱਕੇ ਅਤੇ 5 ਰੁ: ਵ



ਵੱਡੇ ਪੱਧਰ ਦੇ ਸਮਾਗਮ ਹੋਏ।
ਰੰਸੀ ਸਿੱਕਾ ਜਾਰੀ ਕੀਤਾ ਗਿਆ। ਨਾਮਧਾਰੀ ਸ਼ਹੀਦਾਂ ਦੀ ਤਸਵੀਰ ਵਾਲੀ ਡਾਕ ਟਿਕਟ ਵੀ ਜਾਰੀ ਕੀਤੀ ਗਈ।




ਨਾਮਧਾਰੀ ਸੰਤ ਖਾਲਸੇ ਦੀ ਸਾਜਨਾ ਅਤੇ ਪਹਿਲੇ ਅਜ਼ਾਦੀ ਸੰਗਰਾਮ ਦੀ ਆਰੰਭਤਾ ਦਾ 150ਵਾਂ ਵਰ੍ਹਾ
ਇਤਿਹਾਸਕ ਸਮਾਰੋਹ 15 ਅਪ੍ਰੈਲ 2007ਈ: ਸ੍ਰੀ ਭੈਣੀ ਸਾਹਿਬ



ਹਿੰਦੁਸਤਾਨ ਦੀ ਅਜ਼ਾਦੀ ਵਾਸਤੇ, ਮੈਂ ਕਹਿ ਸਕਦਾ ਹਾਂ ਕਿ ਸਭ ਤੋਂ ਵੱਡਾ ਯੋਗਦਾਨ ਸਤਿਗੁਰੂ ਬਾਬਾ ਰਾਮ ਸਿੰਘ ਜੀ ਨੇ ਦਿੱਤਾ ਹੈ। ਮੁਕੰਮਲ ਤੌਰ ਤੇ ਬ੍ਰਿਟਿਸ਼ ਹਕੂਮਤ ਦਾ ਬਾਈਕਾਟ ਸਤਿਗੁਰੂ ਰਾਮ ਸਿੰਘ ਜੀ ਨੇ ਅਤੇ ਉਨਾਂ ਦੇ ਹੁਕਮਾਂ ਤੇ ਚੱਲਣ ਵਾਲਿਆਂ ਨੇ ਕੀਤਾ। ਮੈਂ ਨਾਮਧਾਰੀ ਸਮਾਜ ਦਾ ਬੜਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਸਿੱਖੀ ਪੂਰਨ ਤੌਰ ਤੇ ਕਾਇਮ ਰੱਖੀ ਹੈ। ਆਓ, ਅੱਜ ਅਸੀਂ ਪ੍ਰਤਿੱਗਿਆ ਕਰੀਏ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਜੋ ਰਸਤਾ ਵਿਖਾਇਆ ਹੈ, ਉਸ ਤੇ ਚੱਲਣ ਦੀ ਕੋਸ਼ਿਸ਼ ਕਰੀਏ ਅਤੇ ਦੇਸ਼ ਤੇ ਕੌਮ ਨਾਲ ਸਾਡਾ ਉਸੇ ਤਰ੍ਹਾਂ ਪਿਆਰ ਹੋਵੇ।

ਸਰਦਾਰ ਪ੍ਰਕਾਸ਼ ਸਿੰਘ ਬਾਦਲ (ਤਦਵਕਤੀ ਮੁੱਖ ਮੰਤਰੀ, ਪੰਜਾਬ)




ਨਾਮਧਾਰੀ ਸੰਤ ਖਾਲਸੇ ਦੀ ਸਾਜਨਾ ਦਾ 150ਵਾਂ ਵਰ੍ਹਾ 15 ਅਪ੍ਰੈਲ 2007 ਸ੍ਰੀ ਭੈਣੀ ਸਾਹਿਬ



‘ਰਾਮ ਮੰਦਰ’ ਪਾਸ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਝੰਡਾ ਝੁਲਾਉਣ ਸਮੇਂ ਸੰਗਤਾਂ ਦਾ ਵਿਸ਼ਾਲ ਇੱਕਠ



ਸ਼੍ਰੀ ਸਤਿਗੁਰੂ ਰਾਮ ਸਿੰਘ ਜੀ ਦਾ 200 ਸਾਲਾ ਪ੍ਰਕਾਸ਼ ਸਮਾਰੋਹ




ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜੂਰੀ ਵਿੱਚ 12 ਫਰਵਰੀ 2016 ਈ. ਸ੍ਰੀ ਭੈਣੀ ਸਾਹਿਬ



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ 200 ਸਾਲਾ ਪ੍ਰਕਾਸ਼ ਸਮਾਰੋਹ
ਸੰਗਤਾਂ ਦਾ ਠਾਠਾਂ ਮਾਰਦਾ ਸਮੁੰਦਰ



ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ 12 ਫਰਵਰੀ 2016 ਈ. ਸ੍ਰੀ ਭੈਣੀ ਸਾਹਿਬ



ਨਾਮਧਾਰੀ ਸ਼ਹੀਦੀ ਸਮਾਰਕ (ਮਲੇਰਕੋਟਲਾ)
ਕੋਟਲੇ ਦੀ ਧਰਤ ਦੀ ਕਿਆ ਸ਼ਾਨ ਹੈ, ਜ਼ੰਗ-ਏ-ਅਜ਼ਾਦੀ ਦਾ ਮੈਦਾਨ ਹੈ।



ਪ੍ਰਕਾਸ਼ ਅਸਥਾਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ
ਪਿੰਡ ਰਾਈਆਂ (ਲੁਧਿਆਣਾ)



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ
ਪੁਰਾਤਨ ਤਪ-ਅਸਥਾਨ ਅਤੇ ਨਿਵਾਸ ਅਸਥਾਨ